## ਅਧਿਆਇ 5

# ਸਹਿਣਸ਼ੀਲਤਾ ਅਤੇ ਅਨੈਤਿਕਤਾ

1 ਕੁਰਿੰਥੀਆਂ ਦੇ ਪਹਿਲੇ ਚਾਰ ਅਧਿਆਇ ਪੌਲੁਸ ਨੇ ਕਲੀਸਿਆ ਵਿਚਲੀ ਦਲਬੰਦੀ ਦੀ ਚਿੰਤਾ ਬਾਰੇ ਲਿਖੇ ਹਨ। ਕੁਰਿੰਥੁਸ ਵਿਚਲੇ ਕੁਝ ਭਾਈਆਂ ਦਾ ਹੰਕਾਰ (4:19) ਇਨ੍ਹਾਂ ਵੰਡਾਂ ਦਾ ਕਾਰਣ ਬਣਿਆ ਸੀ। ਏਕਤਾ ਦੀ ਘਾਟ ਬਾਰੇ ਗੱਲ ਕਰਨ ਮਗਰੋਂ ਪੌਲੁਸ ਅਗਲੀ ਸਮੱਸਿਆ ਬਾਰੇ ਗੱਲ ਕਰਦਾ ਹੈ। ਇਨ੍ਹਾਂ ਮਸੀਹੀਆਂ ਨੇ ਹੰਕਾਰ ਨਾਲ ਭਰ ਕੇ ਪੌਲੁਸ ਦੇ ਇਖਤਿਆਰ ਉੱਤੇ ਸਵਾਲ ਚੁੱਕੇ ਸਨ (ਵੇਖੋ 4:18)। ਪੌਲੁਸ ਨੂੰ ਇਸ ਸਮੱਸਿਆ ਨਾਲ ਨਜਿੱਠਣ ਦੀ ਲੋੜ ਸੀ ਅਤੇ ਉਸ ਨੇ ਅਜਿਹਾ ਕੀਤਾ ਵੀ।

ਪਰ ਜਿਹੜਾ ਹੰਕਾਰ ਕੁਰਿੰਥੁਸ ਦੇ ਕੁਝ ਲੋਕਾਂ ਵੱਲੋਂ ਪੌਲੁਸ ਦੇ ਰਸੂਲੀ ਇਖਤਿਆਰ ਦੇ ਵਿਰੁੱਧ ਚੁਣੌਤੀ ਦੇਣ ਦਾ ਕਾਰਣ ਬਣਿਆ ਸੀ, ਉਹੀ ਹੰਕਾਰ ਉਨ੍ਹਾਂ ਵੱਲੋਂ ਉਸ ਪਵਿੱਤਰਤਾ ਨੂੰ ਵੀ ਅਣਦੇਖਾ ਕਰਨ ਦਾ ਕਾਰਣ ਬਣਿਆ ਜਿਹੜਾ ਮਸੀਹ ਦੀ ਦੇਹੀ ਦੀ ਖਾਸ ਪਛਾਣ ਹੈ। ਜਦਕਿ ਪਰਮੇਸ਼ੁਰ ਕੇਂਦਰਿਤ ਨੈਤਿਕਤਾ ਦੀ ਪ੍ਰਣਾਲੀ ਪਰਮੇਸ਼ੁਰ ਦੀ ਸੇਵਾ ਕਰਨ ਦੀ ਮੁੱਢਲੀ ਸ਼ਰਤ ਰਹੀ ਹੈ, ਤਾਂ ਵੀ ਸਾਡੇ ਕੋਲ ਇਸ ਗੱਲ ਦੇ ਕੋਈ ਪ੍ਰਮਾਣ ਨਹੀਂ ਹਨ ਕਿ ਰਸੂਲ ਪੌਲੁਸ ਨੇ ਕੁਰਿੰਥੁਸ ਦੇ ਮਸੀਹੀਆਂ ਨਾਲ ਨੈਤਿਕਤਾ ਨੂੰ ਲੈ ਕੇ ਕੋਈ ਚਰਚਾ ਕੀਤੀ ਹੋਵੇਗੀ। ਪਰ ਫਿਰ ਵੀ ਇੱਕ ਗੰਭੀਰ ਸਮੱਸਿਆ ਪੌਲੁਸ ਦੇ ਸਾਹਮਣੇ ਆ ਗਈ ਸੀ। ਇੱਕ ਵਿਅਕਤੀ ਜਿਹੜਾ ਆਪਣੇ ਆਪ ਨੂੰ ਕਲੀਸਿਆ ਦਾ ਮੈਂਬਰ ਆਖਦਾ ਸੀ ਅਤੇ ਜਿਸ ਦੇ ਨਾਲ ਕੁਰਿੰਥੁਸ ਦੇ ਮਸੀਹੀ ਪੂਰੀ ਸੰਗਤੀ ਰੱਖਦੇ ਸਨ, ਉਹ ਸ਼ਰੇਆਮ ਆਪਣੇ ਪਿਤਾ ਦੀ ਪਤਨੀ ਦੇ ਨਾਲ ਅਨੈਤਿਕ ਸੰਬੰਧ ਵਿੱਚ ਰਹਿ ਰਿਹਾ ਸੀ। ਪੌਲੁਸ ਇਸ ਖਬਰ ਨੂੰ ਸੁਣ ਕੇ ਪੂਰੀ ਤਰ੍ਹਾਂ ਹੈਰਾਨ ਰਹਿ ਗਿਆ ਸੀ।

ਉਸ ਵਿਅਕਤੀ ਦੇ ਇਸ ਵਿਹਾਰ ਦੀ ਮਾਫੀ ਨਹੀਂ ਦਿੱਤੀ ਜਾ ਸਕਦੀ ਸੀ ਅਤੇ ਪੌਲੁਸ ਇਸ ਗੱਲ ਤੋਂ ਹੈਰਾਨ ਸੀ ਕਿ ਕਲੀਸਿਆ ਅਜਿਹੇ ਪਾਪ ਨੂੰ ਸਹਿਣ ਕਰ ਰਹੀ ਸੀ ਅਤੇ ਉਨ੍ਹਾਂ ਦੇ ਵਿਵੇਕ ਵਿੱਚ ਕੋਈ ਖਲਬਲੀ ਵੀ ਨਹੀਂ ਮਚ ਰਹੀ ਸੀ। ਇਸ ਮਸਲੇ ਵਿੱਚ ਸਾਰੀ ਕਲੀਸਿਆ ਹੀ ਵਿਫਲ ਹੋ ਗਈ ਸੀ।

## ਪਾਪ ਦਾ ਸ਼ੁੱਧੀਕਰਣ (5:1-5)

**1ਇਸ ਗੱਲ ਦੀ ਪੱਕੀ ਖਬਰ ਸੁਣੀਦੀ ਹੈ ਜੋ ਤੁਹਾਡੇ ਵਿੱਚ ਹਰਾਮਕਾਰੀ ਹੋ ਰਹੀ ਹੈ ਅਤੇ ਅਜਿਹੀ ਹਰਾਮਕਾਰੀ ਜੋ ਪਰਾਈਆਂ ਕੌਮਾਂ ਵਿੱਚ ਭੀ ਨਹੀਂ ਹੁੰਦੀ ਭਈ ਇੱਕ ਜਣਾ ਆਪਣੇ ਪਿਉ ਦੀ ਤੀਵੀਂ ਰੱਖਦਾ ਹੈ। 2ਅਤੇ ਤੁਸੀਂ ਫੁੱਲੇ ਹੋਏ ਹੋ ਸਗੋਂ ਕੀ ਤੁਹਾਨੂੰ ਸੋਗ ਨਹੀਂ ਕਰਨਾ ਚਾਹੀਦਾ ਤਾਂ ਜੋ ਜਿਹ ਨੇ ਇਹ ਕੰਮ ਕੀਤਾ ਉਹ ਤੁਹਾਡੇ ਵਿੱਚੋਂ**

**ਛੇਕਿਆ ਜਾਵੇ? [3]ਮੈਂ ਤਾਂ ਸਰੀਰ ਦੁਆਰਾ ਨਹੀਂ ਪਰ ਆਤਮਾ ਦੁਆਰਾ ਤੁਹਾਡੇ ਸਨਮੁਖ ਹੋਣ ਕਰਕੇ ਜਿਹ ਨੇ ਇਹ ਕੰਮ ਐਉਂ ਕੀਤਾ ਉਹ ਦਾ ਨਬੇੜਾ ਇਸ ਪਰਕਾਰ ਕਰ ਹਟਿਆ ਭਈ ਜਾਣੋ ਮੈਂ ਸਨਮੁਖ ਹੀ ਸਾਂ। [4]ਜਦ ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ ਤੁਸੀਂ ਅਤੇ ਮੇਰਾ ਆਤਮਾ ਸਾਡੇ ਪ੍ਰਭੂ ਯਿਸੂ ਦੀ ਸਮਰੱਥਾ ਨਾਲ ਇਕੱਠੇ ਹੋਏ। [5]ਤਦ ਇਹੋ ਜਿਹੇ ਮਨੁੱਖ ਨੂੰ ਸਰੀਰ ਦੇ ਨਾਸ ਹੋਣ ਲਈ ਸ਼ਤਾਨ ਦੇ ਹਵਾਲੇ ਕਰੋ ਭਈ ਉਹ ਦਾ ਆਤਮਾ ਪ੍ਰਭੂ ਯਿਸੂ ਦੇ ਦਿਨ ਬਚ ਜਾਵੇ।**

**ਆਇਤ 1.** ਪੌਲੁਸ ਇਸ ਪਾਪ ਬਾਰੇ ਆਮ ਜਿਹੀ ਚਰਚਾ ਨਹੀਂ ਕਰਨਾ ਚਾਹੁੰਦਾ ਸੀ। ਇਸ ਵਿਸ਼ੇ ਬਾਰੇ ਉਸ ਦੀ ਭੂਮਿਕਾ ਉਸ ਦੇ ਪਾਠਕਾਂ ਉੱਤੇ ਬਿਜਲੀ ਵਾਂਗ ਡਿੱਗੀ। ਉਸ ਨੇ ਅਰੰਭ ਕਰਦਿਆਂ ਆਖਿਆ, **ਇਸ ਗੱਲ ਦੀ ਪੱਕੀ ਖਬਰ ਸੁਣੀਦੀ ਹੈ।** ਜਿਨ੍ਹਾਂ ਲੋਕਾਂ ਨੇ ਮੁਕਤੀਦਾਤਾ ਅਤੇ ਨਿਸਤਾਰਕ ਯਿਸੂ ਮਸੀਹ ਦਾ ਨਾਮ ਧਾਰਿਆ ਹੋਇਆ ਸੀ ਉਨ੍ਹਾਂ ਨੇ ਅਜਿਹੀ **ਹਰਾਮਕਾਰੀ** ਨੂੰ ਜਨਤਕ ਪਰਵਾਨਗੀ ਦਿੱਤੀ ਹੋਈ ਸੀ ਜਿਸ ਬਾਰੇ ਸੁਣ ਕੇ ਵੀ ਗੈਰਮਸੀਹੀ ਲੋਕ ਸ਼ਰਮਿੰਦੇ ਹੋ ਜਾਣ। ਉਸ ਨੇ ਉਸ ਪੁਰਸ਼ ਜਾਂ ਇਸਤਰੀ ਜਾਂ ਜੋੜੇ ਨੂੰ ਸੰਬੋਧਿਤ ਨਹੀਂ ਕੀਤਾ। ਉਸ ਦਾ ਰੋਸ ਕਲੀਸਿਆ ਦੇ ਨਾਲ ਸੀ। ਅਜਿਹੇ ਸ਼ਰਮਨਾਕ ਕਾਰੇ ਨੂੰ ਸਰਬ-ਸੰਮਤੀ ਨਾਲ ਸਹਿਣ ਅਤੇ ਸਵੀਕਾਰ ਕਰਨ ਦੁਆਰਾ ਬੁੱਧ ਅਤੇ ਚਤਰਾਈ ਦਾ ਦਿਖਾਵਾ ਕਰਨ ਵਾਲੇ ਕੁਰਿੰਥੁਸ ਦੇ ਮਸੀਹੀਆਂ ਨੇ ਦਰਸਾ ਦਿੱਤਾ ਸੀ ਕਿ ਉਹ ਮਸੀਹ ਬਾਰੇ ਕਿੰਨਾ ਘੱਟ ਜਾਣਦੇ ਸਨ।

ਪੌਲੁਸ ਦਾ ਸਾਰਾ ਧਿਆਨ ਪਾਪ ਵਿੱਚ ਜੀਵਨ ਬਤੀਤ ਕਰ ਰਹੇ ਉਸ ਪੁਰਸ਼ ਅਤੇ ਇਸ ਪਾਪ ਨੂੰ ਸਹਿਣ ਕਰਨ ਵਾਲੀ ਕਲੀਸਿਆ ਉੱਤੇ ਸੀ; ਉਸ ਨੇ ਇਸਤਰੀ ਬਾਰੇ ਕੁਝ ਨਹੀਂ ਆਖਿਆ। ਹੋ ਸਕਦਾ ਹੈ ਕਿ ਉਸ ਨੇ ਨਾਲ ਜਬਰਦਸਤੀ ਕੀਤੀ ਗਈ ਹੋਵੇ, ਜਾਂ ਇਹ ਵੀ ਹੋ ਸਕਦਾ ਹੈ ਕਿ ਉਹ ਗੈਰਮਸੀਹੀ ਹੋਵੇ। ਪਰ ਉਹ ਪੁਰਸ਼ ਇੱਕ ਮਸੀਹੀ ਸੀ ਜਿਹੜਾ ਅਜਿਹੇ ਪਾਪ ਵਿੱਚ ਜੀ ਰਿਹਾ ਸੀ ਅਰਥਾਤ **ਅਜਿਹੀ ਹਰਾਮਕਾਰੀ ਜੋ ਪਰਾਈਆਂ ਕੌਮਾਂ ਵਿੱਚ ਭੀ ਨਹੀਂ ਹੁੰਦੀ।** ਆਪਣੀ ਮੁੱਢਲੀ ਚਿੰਤਾ ਨੂੰ ਬਿਆਨ ਕਰਕੇ ਪੌਲੁਸ ਕਲੀਸਿਆ ਦੇ ਉਨ੍ਹਾਂ ਮੈਂਬਰਾਂ ਵੱਲ ਰੁਖ ਕਰਦਾ ਹੈ ਜਿਨ੍ਹਾਂ ਨੇ ਇਸ ਪਾਪ ਵੱਲੋਂ ਆਪਣੀਆਂ ਅੱਖਾਂ ਬੰਦ ਕਰ ਲਈਆਂ ਸਨ ਅਤੇ ਇਸ ਪਾਪ ਦਾ ਕੋਈ ਹਲ ਨਹੀਂ ਕੀਤਾ ਸੀ।

ਮੂਸਾ ਦੀ ਸ਼ਰਾ ਵਿੱਚ ਘਰ ਦੇ ਮੈਂਬਰਾਂ ਵਿਚਕਾਰ ਜਿਨਸੀ ਸੰਬੰਧਾਂ ਦੇ ਪਾਪ ਨੂੰ ਬੜੀ ਸਾਵਧਾਨੀ ਨਾਲ ਬਿਆਨ ਕੀਤਾ ਗਿਆ ਸੀ (ਲੇਵੀਆਂ 18:8; 20:11; ਬਿਵਸਥਾਸਾਰ 22:30; 27:20)। ਯੂਨਾਨੀ ਸਮਾਜ ਵਿੱਚ ਘਰ ਦੇ ਮੈਂਬਰਾਂ ਵਿਚਕਾਰ ਜਿਨਸੀ ਸੰਬੰਧਾਂ ਦੇ ਪਾਪ ਬਾਰੇ ਅਨਿਯੰਤ੍ਰਿਤ ਕਲਪਨਾਵਾਂ ਕੀਤੀਆਂ ਜਾਂਦੀਆਂ ਸਨ, ਪਰ ਆਮਤੌਰ ’ਤੇ ਇਸ ਨੂੰ ਘਿਰਣਾ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਸੀ। ਇਸ ਸੁਝਾਉ ਦਾ ਕੋਈ ਅਧਾਰ ਨਹੀਂ ਹੈ ਕਿ ਯੂਨਾਨੀ ਸੱਭਿਆਚਾਰ ਵਿੱਚ ਘਰ ਦੇ ਮੈਂਬਰਾਂ ਵਿਚਕਾਰ ਜਿਨਸੀ ਸੰਬੰਧਾਂ ਨੂੰ ਪਰਵਾਨਗੀ ਦਿੱਤੀ ਗਈ ਸੀ। ਪਰ ਨਿਰਬਲ ਗੈਰਮਸੀਹੀ ਨੈਤਿਕਤਾ ਦੇ ਵਿਚਕਾਰ ਕਲੀਸਿਆ ਇੱਕ ਵਿਅਕਤੀ ਦੁਆਰਾ ਆਪਣੇ ਪਿਤਾ ਦੀ ਪਤਨੀ ਨਾਲ ਜਿਨਸੀ ਸੰਬੰਧ ਬਣਾਉਣ ਨੂੰ ਪਰਵਾਨਗੀ ਦੇ ਕੇ ਆਪਣੇ ਨਾਮ ਨੂੰ ਕਲੰਕਿਤ ਕੀਤਾ ਗਿਆ ਸੀ।

ਸ਼ਾਇਦ ਪੌਲੁਸ ਨੇ ਇਹ ਖਬਰ ਕਲੋਏ ਦੇ ਘਰ ਦਿਆਂ ਕੋਲੋਂ ਸੁਣੀ ਹੋਵੇਗੀ ਕਿ ਕੁਰਿੰਥੁਸ ਦੀ ਕਲੀਸਿਆ ਵਿੱਚ ਇੱਕ ਮਸੀਹੀ ਵਿਅਕਤੀ ਆਪਣੇ ਪਿਤਾ ਦੀ ਪਤਨੀ ਨਾਲ ਜਿਨਸੀ

ਸੰਬੰਧ ਬਣਾਈ ਬੈਠਾ ਹੈ (1:11), ਜਾਂ ਫਿਰ ਇਹ ਵੀ ਸੰਭਵ ਹੈ ਕਿ ਇਸ ਬਾਰੇ ਉਨ੍ਹਾਂ ਵਿਅਕਤੀਆਂ ਤੋਂ ਸੁਣਿਆ ਹੋਵੇਗਾ ਜਿਨ੍ਹਾਂ ਦਾ ਜ਼ਿਕਰ 16:17 ਵਿੱਚ ਕੀਤਾ ਗਿਆ ਹੈ। ਪੌਲੁਸ ਦੇ ਪ੍ਰਤੀਉੱਤਰ ਦੇ ਸ਼ਬਦ ਉਸ ਦੀ ਬੇਪਰਤੀਤੀ ਅਤੇ ਨਿਰਾਸ਼ਾ ਨੂੰ ਦਰਸਾਉਂਦੇ ਹਨ। ਜਦ ਉਸ ਨੇ ਇਹ ਲਿਖਿਆ ਤਾਂ ਉਸ ਦੇ ਮਨ ਵਿੱਚ ਚੱਲ ਰਹੀ ਉਥਲ-ਪੁਥਲ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। "ਮੈਨੂੰ ਇਸ ਨਾਲ ਨਜਿੱਠਣਾ ਹੀ ਪਵੇਗਾ। ਮੈਨੂੰ ਯਕੀਨ ਨਹੀਂ ਹੋ ਰਿਹਾ ਕਿ ਉਹ ਐਨੀ ਸ਼ਰੇਆਮ ਹੋ ਰਹੀ ਅਨੈਤਿਕਤਾ ਨੂੰ ਬਰਦਾਸ਼ਤ ਕਰੀ ਬੈਠੇ ਹਨ।" ਰਸੂਲ ਸੋਚ ਰਿਹਾ ਸੀ ਕਿ ਕਿਤੇ ਉਸ ਨੂੰ ਉਨ੍ਹਾਂ ਦੇ ਕੋਲ "ਸੋਟਾ ਫੜ ਕੇ" ਨਾ ਜਾਣਾ ਪਵੇ (4:21)। ਅਸਲ ਵਿੱਚ ਉਹ ਆਖ ਰਿਹਾ ਸੀ, "ਕੀ ਤੁਹਾਨੂੰ ਹੈਰਾਨੀ ਹੈ ਕਿ ਮੈਂ ਅਜਿਹੀ ਕਠੋਰ ਭਾਸ਼ਾ ਦੀ ਵਰਤੋਂ ਕਿਉਂ ਕੀਤੀ ਹੈ, ਮੈਂ ਸੋਟਾ ਲੈ ਕੇ ਆਉਣ ਬਾਰੇ ਕਿਉਂ ਸੋਚਿਆ ਹੈ? ਮੈਂ ਤੁਹਾਨੂੰ ਦੱਸਦਾ ਹਾਂ ਕਿ ਲੋਕਾਂ ਨੇ ਮੈਨੂੰ ਕੀ ਦੱਸਿਆ ਹੈ ਕਿ ਤੁਹਾਡੇ ਵਿਚਕਾਰ ਕੀ-ਕੀ ਹੋ ਰਿਹਾ ਹੈ। ਅਨੈਤਿਕਤਾ ਦੇ ਕਾਰਣ ਮਸੀਹ ਦੀ ਦੇਹੀ ਦੀ ਬਦਨਾਮੀ ਹੋ ਰਹੀ ਹੈ – ਅਤੇ ਉਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਤੁਸੀਂ ਇਸ ਨੂੰ ਬੜੇ ਹਲਕੇ ਤੌਰ 'ਤੇ ਲਿਆ ਹੈ!"

ਇਹ ਅਨਿਸ਼ਚਿਤ ਹੈ ਕਿ ਪੌਲੁਸ ਦੁਆਰਾ **ਆਪਣੇ ਪਿਉ ਦੀ ਤੀਵੀਂ** ਆਖਣ ਤੋਂ ਅਸਲ ਵਿੱਚ ਉਸ ਦਾ ਕੀ ਭਾਵ ਸੀ। ਜੇਕਰ ਉਹ ਇਸਤਰੀ ਉਸ ਵਿਅਕਤੀ ਦੀ ਸਗੀ ਮਾਂ ਹੁੰਦੀ ਤਾਂ ਪੌਲੁਸ ਨੇ ਇਸ ਦਾ ਜ਼ਿਕਰ ਜ਼ਰੂਰ ਕੀਤਾ ਹੋਣਾ ਸੀ। ਸੰਭਾਵਨਾ ਇਹ ਹੈ ਕਿ ਪੌਲੁਸ "ਅਜਿਹੇ ਵਿਅਕਤੀ ਨਾਲ ਨਜਿੱਠ ਰਿਹਾ ਸੀ ਜਿਸ ਨੇ ਆਪਣੀ ਸਗੀ ਮਾਂ ਨਾਲ ਨਹੀਂ ਪਰ ਆਪਣੀ ਮਤਰਈ ਮਾਂ ਨਾਲ ਜਿਨਸੀ ਸੰਬੰਧ ਬਣਾਏ ਸਨ।"[1] ਸੰਭਾਵਨਾ ਹੈ ਕਿ ਉਸ ਵਿਅਕਤੀ ਦੀ ਸਗੀ ਮਾਂ, ਅਰਥਾਤ ਉਸ ਦੇ ਪਿਤਾ ਦੀ ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਸੀ। ਉਸ ਦੇ ਪਿਤਾ ਨੇ ਕਿਸੇ ਘੱਟ ਉਮਰ ਦੀ ਇਸਤਰੀ ਨਾਲ ਵਿਆਹ ਕਰ ਲਿਆ ਹੋਵੇਗਾ, ਸ਼ਾਇਦ ਜਿਸ ਦੀ ਉਮਰ ਉਸ ਦੇ ਪੁੱਤਰ ਜਿੰਨੀ ਹੋਵੇਗੀ। ਕੀ ਉਸ ਦਾ ਪੁੱਤਰ ਉਸ ਦੇ ਘਰੇ ਉਸ ਨਾਲ ਰਹਿੰਦਿਆਂ ਹੀ ਇਸ ਇਸਤਰੀ ਨਾਲ ਜਿਨਸੀ ਸੰਬੰਧ ਬਣਾ ਰਿਹਾ ਸੀ? ਕੀ ਉਸ ਨੇ ਆਪਣੇ ਪਿਤਾ ਦੀ ਪਤਨੀ ਨੂੰ ਫਸਾ ਕੇ ਉਨ੍ਹਾਂ ਦਾ ਵਿਆਹੁਤਾ ਸੰਬੰਧ ਤੋੜ ਦਿੱਤਾ ਸੀ? ਕੀ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ? ਕੀ ਇਸ ਅਨੈਤਿਕਤਾ ਦਾ ਅਰੰਭ ਕਿਸੇ ਤਰ੍ਹਾਂ ਦੀ ਭਾਵਨਾਤਮਕ ਉਥਲ-ਪੁਥਲ ਤੋਂ ਹੋਇਆ ਸੀ?

ਪਰ ਅੰਤ ਵਿੱਚ ਉਨ੍ਹਾਂ ਦੇ ਇਸ ਸੰਬੰਧ ਦਾ ਵੇਰਵਾ ਕੋਈ ਫਰਕ ਨਹੀਂ ਪਾਉਂਦਾ; ਇਹ ਦੁਸ਼ਟਤਾ ਸੀ ਅਤੇ ਇਸ ਦੀ ਮਾਫੀ ਨਹੀਂ ਦਿੱਤੀ ਜਾ ਸਕਦੀ ਸੀ। ਸ਼ਾਇਦ ਅਜਿਹੇ ਚਲਣ ਦੀ ਉਮੀਦ ਗੈਰਮਸੀਹੀਆਂ ਤੋਂ ਕੀਤੀ ਜਾ ਸਕਦੀ ਸੀ, ਪਰ ਪਰਮੇਸ਼ੁਰ ਦੀ ਕਲੀਸਿਆ ਤਾਂ ਪਵਿੱਤਰ ਪਰਜਾ ਸੀ ਜਿਨ੍ਹਾਂ ਨੇ ਪਰਮੇਸ਼ੁਰ ਦਾ ਨਾਮ ਧਾਰਿਆ ਹੋਇਆ ਸੀ।

ਬਾਅਦ ਵਿੱਚ ਪੌਲੁਸ ਉਸ ਵਿਅਕਤੀ ਨੂੰ, ਜਿਹੜਾ ਆਪਣੇ ਪਿਤਾ ਦੀ ਪਤਨੀ ਦੇ ਨਾਲ ਰਹਿ ਰਿਹਾ ਸੀ, ਇੱਕ πόρνος (*ਪੋਰਨੋਸ,* "ਹਰਾਮਕਾਰ") ਆਖਿਆ। ਵੇਸਵਾ ਨੂੰ πόρνη (*ਪੋਰਨੇ*) ਆਖਿਆ ਜਾਂਦਾ ਸੀ। ਯੂਨਾਨੀ ਸੰਸਾਰ ਵਿੱਚ ਨਾਂਵ πορνεία (ਪੋਰਨੇਈਆ) ਦੀ ਵਰਤੋਂ ਵੇਸਵਾ ਕੋਲ ਜਾਣ ਦੇ ਕੰਮ ਵਾਸਤੇ ਕੀਤੀ ਜਾਂਦੀ ਸੀ। ਨਵੇਂ ਨੇਮ ਵਿੱਚ ਇਸ ਸ਼ਬਦ ਦੀ ਵਰਤੋਂ ਹਰ ਪ੍ਰਕਾਰ ਦੀ ਜਿਨਸੀ ਅਨੈਤਿਕਤਾ ("ਵਿਭਚਾਰ") ਦੇ ਲਈ ਕੀਤੀ ਗਈ ਹੈ। ਨਵੇਂ ਨੇਮ ਦੇ ਲੇਖਕਾਂ ਨੇ *ਪੋਰਨੇਈਆ* ਦੀ ਵਰਤੋਂ ਆਮਤੌਰ 'ਤੇ ਉਸੇ ਤਰ੍ਹਾਂ ਕੀਤੀ ਹੈ ਜਿਸ ਤਰ੍ਹਾਂ ਯੂਨਾਨੀ-ਭਾਸ਼ੀ ਯਹੂਦੀ ਉਪਦੇਸ਼ਕ ਕਰਦੇ ਹੁੰਦੇ ਸਨ। ਇਸ ਸ਼ਬਦ ਦੀ ਵਰਤੋਂ ਉਹ ਵਿਆਹੁਤਾ ਸੰਬੰਧ ਤੋਂ ਬਾਹਰ ਕਿਸੇ ਵੀ ਤਰ੍ਹਾਂ ਦੇ ਜਿਨਸੀ ਸੰਬੰਧ ਦੇ ਲਈ ਕਰਦੇ ਹੁੰਦੇ ਸਨ।

ਇਹ ਐਨਾ ਵਿਸਤ੍ਰਿਤ ਸੀ ਕਿ ਇਸ ਵਿੱਚ ਘਰ ਦੇ ਮੈਂਬਰਾਂ ਦੇ ਨਾਲ ਜਿਨਸੀ ਸੰਬੰਧ, ਵੇਸਵਾਗਿਰੀ, ਅਤੇ ਸਮਲੈਂਗਿਕਤਾ ਵੀ ਸ਼ਾਮਲ ਸੀ।[2]

ਨਵਾਂ ਨੇਮ ਨੈਤਿਕਤਾ ਨੂੰ ਅਸਲ ਘਟਨਾਵਾਂ ਅਤੇ ਤਜਰਬਿਆਂ ਦੇ ਸੰਦਰਭ ਵਿੱਚ ਪੇਸ਼ ਕਰਦਾ ਹੈ। ਕਲੀਸਿਆ ਅਜੇ ਇਹ ਸਿੱਖ ਹੀ ਰਹੀ ਸੀ ਕਿ ਨਿਹਚਾ ਵਿੱਚ ਨੈਤਿਕ ਮੰਗਾਂ ਵੀ ਸ਼ਾਮਲ ਹਨ। ਪੌਲੁਸ ਨੇ ਅਜਿਹਾ ਕੋਈ ਜਤਨ ਨਹੀਂ ਕੀਤਾ ਕਿ ਉਹ ਸਿਲਸਿਲੇਵਾਰ ਹਰੇਕ ਉਸ ਨੈਤਿਕ ਹਾਲਾਤ ਦੀ ਸੂਚੀ ਬਣਾਵੇ ਜਿਹੜੀ ਮਸੀਹੀਆਂ ਦੇ ਸਾਹਮਣੇ ਆ ਸਕਦੀ ਸੀ, ਅਤੇ ਫਿਰ ਉਸ ਵਿੱਚੋਂ ਕੁਝ ਨੂੰ ਸਹੀ ਠਹਿਰਾਵੇ ਅਤੇ ਕੁਝ ਨੂੰ ਗਲਤ। ਇਸ ਦੀ ਬਜਾਇ ਉਸ ਨੇ ਅਤੇ ਨਵੇਂ ਨੇਮ ਦੇ ਹੋਰਨਾਂ ਲੇਖਕਾਂ ਨੇ ਨੈਤਿਕਤਾ ਦੀ ਸਿੱਖਿਆ ਉਨ੍ਹਾਂ ਲੋਕਾਂ ਦੇ ਨਾਲ ਜਾਂ ਬਾਰੇ ਗੱਲਬਾਤ ਕਰਕੇ ਦਿੱਤੀ ਜਿਹੜੇ ਪਾਪ ਵਿੱਚ ਫਸਾਏ ਗਏ ਸਨ। ਕਦੇ-ਕਦੇ ਉਹ ਧੀਰਜ ਰੱਖ ਕੇ ਬੇਨਤੀ ਕਰਦੇ ਸਨ, ਅਤੇ ਕਦੇ-ਕਦੇ ਸਿੱਧੇ ਤੌਰ ’ਤੇ ਗੱਲ ਕਰਦੇ ਸਨ। ਪਾਪ ਜਿਵੇਂ-ਜਿਵੇਂ ਸਾਹਮਣੇ ਆਉਂਦਾ ਜਾਂਦਾ ਸੀ ਉਹ ਉਸ ਨਾਲ ਨਜਿੱਠਦੇ ਜਾਂਦੇ ਸਨ।

ਜਿਹੜਾ ਵਿਅਕਤੀ ਆਪਣੇ ਪਿਤਾ ਦੀ ਪਤਨੀ ਨਾਲ ਪਾਪ ਵਿੱਚ ਜੀ ਰਿਹਾ ਸੀ, ਉਸ ਦੇ ਵਿਖੇ ਕੁਰਿੰਥੁਸ ਦੀ ਕਲੀਸਿਆ ਪਰਮੇਸ਼ੁਰ ਦੀਆਂ ਨੈਤਿਕ ਮੰਗਾਂ ਦੇ ਅਨੁਸਾਰ ਚੱਲਣ ਵਿੱਚ ਵਿਫਲ ਹੋ ਗਈ ਸੀ। ਅੱਜ ਵੀ ਕਲੀਸਿਆ ਵਿੱਚ ਵਿਫਲਤਾ ਦੀ ਪੱਧਤੀ ਇਹੋ ਹੈ। ਕਲੀਸਿਆ ਦੀ ਨੈਤਿਕਤਾ ਹਮੇਸ਼ਾ ਸੰਸਾਰ ਦੇ ਸਾਹਮਣੇ ਇਸ ਦੇ ਸਨਮਾਨ ਨੂੰ ਨਿਰਧਾਰਿਤ ਕਰੇਗੀ। ਮਸੀਹੀਆਂ ਵੱਲੋਂ ਨੈਤਿਕ ਜੀਵਨ ਜੀਉਣ ਵਿੱਚ ਹੋਣ ਵਾਲੀ ਵਿਫਲਤਾ ਦਾ ਅਰਥ ਹੈ ਕਿ ਉਨ੍ਹਾਂ ਦੁਆਰਾ ਕੀਤੇ ਜਾਣ ਵਾਲੇ ਮਸੀਹ ਦੇ ਪ੍ਰਚਾਰ ਨੂੰ ਉਤਸ਼ਾਹ ਦੇ ਨਾਲ ਸਵੀਕਾਰ ਨਹੀਂ ਕੀਤਾ ਜਾਵੇਗਾ। ਮਸੀਹੀ ਨੈਤਿਕਤਾ ਅਤੇ ਮਸੀਹੀ ਸਿਧਾਂਤ ਆਪਸ ਵਿੱਚ ਇਸ ਤਰ੍ਹਾਂ ਬੱਝੇ ਹੋਏ ਹਨ ਕਿ ਇਨ੍ਹਾਂ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ। ਮਸੀਹ ਨੂੰ ਪਰਮੇਸ਼ੁਰ ਦਾ ਪੁੱਤਰ ਮੰਨ ਕੇ ਹੀ ਭਗਤੀਪੂਰਣ ਜੀਵਨ ਦਾ ਅਰੰਭ ਹੁੰਦਾ ਹੈ।

**ਆਇਤ 2.** ਪੌਲੁਸ ਨੇ ਬੇਪਰਤੀਤੀ ਨਾਲ ਇਸ ਹਾਲਾਤ ਨੂੰ ਸੰਬੋਧਿਤ ਕੀਤਾ। ਅਜਿਹੇ ਸ਼ਰਮਨਾਕ ਕਾਰੇ ਨੂੰ ਉਹ ਸਹੀ ਕਿਵੇਂ ਠਹਿਰਾ ਸਕਦੇ ਸਨ? ਜਦ ਉਨ੍ਹਾਂ ਨੇ ਸ਼ਰੇਆਮ ਕੀਤੀ ਜਾ ਰਹੀ ਇਸ ਅਨੈਤਿਕਤਾ ਵੱਲ ਆਪਣੀਆਂ ਅੱਖਾਂ ਬੰਦ ਕਰ ਲਈਆਂ ਤਾਂ ਕੀ ਅਜਿਹਾ ਕਰਕੇ ਉਹ ਆਪਣੇ ਆਪ ਨੂੰ ਸਿਆਣੇ ਸਮਝ ਰਹੇ ਸਨ? ਕੀ ਉਹ **ਫੁੱਲੇ ਹੋਏ ਹੋ** (πεφυσιωμένοι, *ਪੇਫ਼ੁਸਿਓਮੇਨੋਏ*; 5:2) ਅਤੇ “ਅਭਮਾਨੀ” (KJV) ਹੋ ਗਏ ਸਨ? ਕੀ ਇਸ ਭਗਤੀਹੀਣ ਹਾਲਾਤ ਉੱਤੇ ਉਨ੍ਹਾਂ ਨੂੰ **ਸੋਗ ਨਹੀਂ ਕਰਨਾ ਚਾਹੀਦਾ** ਸੀ? ਕੀ ਉਨ੍ਹਾਂ ਨੂੰ ਆਪਣੇ ਸੰਗੀ ਵਿਸ਼ਵਾਸੀ ਦੀ ਅਨੈਤਿਕਤਾ ਬਾਰੇ ਸ਼ਰਮ ਨਾਲ ਨਹੀਂ ਭਰ ਜਾਣਾ ਚਾਹੀਦਾ ਸੀ? ਕੀ ਉਨ੍ਹਾਂ ਨੂੰ ਉਸ ਵਿਅਕਤੀ ਨੂੰ ਆਪਣੇ ਵਿੱਚੋਂ ਬੇਦਖਲ ਨਹੀਂ ਕਰ ਦੇਣਾ ਚਾਹੀਦਾ ਸੀ **ਜਿਹ ਨੇ ਇਹ ਕੰਮ ਕੀਤਾ** ਸੀ?

ਜੇਕਰ ਕਲੀਸਿਆ ਇਸ ਅਨੈਤਿਕ ਭਾਈ ਨੂੰ ਉਸ ਦੇ ਇਸ ਮਾੜੇ ਕਾਰੇ ਲਈ ਜਵਾਬਦਾਰੀ ਲਈ ਸੱਦਦੀ ਤਾਂ ਇਹ ਪਰਮੇਸ਼ੁਰ ਵੱਲੋਂ ਦਿੱਤੀ ਗਈ ਬੁੱਧ ਦਾ ਇੱਕ ਵਧੀਆ ਪ੍ਰਦਰਸ਼ਣ ਹੋਣਾ ਸੀ (1:30)। ਬੁੱਧੀ ਉਦੋਂ ਆਉਂਦੀ ਹੈ ਜਦੋਂ ਲੋਕ ਨੈਤਿਕਤਾ ਦੇ ਲਈ ਪਰਮੇਸ਼ੁਰ ਦੇ ਸਿਧਾਂਤਾਂ ਨੂੰ ਅਪਣਾਉਂਦੇ ਹਨ। ਪਰ ਕੁਰਿੰਥੁਸ ਦੇ ਮਸੀਹੀ ਤਾਂ ਆਪਣੇ ਚੁਫੇਰੇ ਦੇ ਗੈਰਮਸੀਹੀ ਭਲੇ ਲੋਕਾਂ ਦੇ ਪੱਧਰ ਤੱਕ ਵੀ ਨਹੀਂ ਜੀ ਰਹੇ ਸਨ। ਹਾਲਾਤ ਦੇ ਅਨੁਸਾਰ ਤਾਂ ਵੰਡ ਲਿਆਉਣ ਵਾਲੇ ਅਤੇ ਇਸ ਵਿਅਕਤੀ ਨੂੰ ਸਵੀਕਾਰ ਕਰਨ ਵਾਲੇ ਹੰਕਾਰ ਦੀ ਥਾਂ ਸੋਗ ਅਤੇ ਪਛਤਾਵਾ ਵਧੇਰੇ ਢੁਕਵੇਂ ਵਿਹਾਰ ਹੋਣੇ ਚਾਹੀਦੇ ਸਨ। ਜੇਕਰ ਉਹ ਸਹੀ ਤਰ੍ਹਾਂ ਨਾਲ

ਸੋਗ ਕਰਦੇ ਤਾਂ ਸ਼ਾਇਦ ਮਸੀਹੀ ਸਮਾਜ ਨੇ ਅਜਿਹੇ ਵਿਹਾਰ ਨੂੰ ਸਵੀਕਾਰ ਨਹੀਂ ਕੀਤਾ ਹੋਣਾ ਸੀ। ਜਿਹੜਾ ਵਿਅਕਤੀ ਪਾਪ ਵਿੱਚ ਜੀ ਰਿਹਾ ਸੀ, ਜ਼ਰੂਰੀ ਸੀ ਕਿ **ਉਹ** [ਉਨ੍ਹਾਂ] **ਵਿੱਚੋਂ ਛੇਕਿਆ ਜਾਵੇ।**

**ਆਇਤ 3.** ਹਾਲਾਂਕਿ ਪੌਲੁਸ ਅੱਗੇ ਰੁਕਾਵਟਾਂ ਪੈ ਰਹੀਆਂ ਸਨ ਕਿ ਉਹ ਆਪ ਆਣ ਕੇ ਕੁਰਿੰਥੁਸ ਦੀ ਕਲੀਸਿਆ ਦੀ ਮਦਦ ਕਰੇ, ਪਰ ਫਿਰ ਵੀ ਆਤਮਾ ਵਿੱਚ ਉਹ ਉਨ੍ਹਾਂ ਦੇ ਨਾਲ ਸੀ। ਇਹ ਆਖਣ ਦੁਆਰਾ ਕਿ **ਸਰੀਰ ਦੁਆਰਾ ਨਹੀਂ ਪਰ ਆਤਮਾ ਦੁਆਰਾ ਤੁਹਾਡੇ ਸਨਮੁਖ ਹੋਣ ਕਰਕੇ** ਤੋਂ ਪੌਲੁਸ ਦਾ ਕੀ ਭਾਵ ਸੀ, ਉਸ ਨੂੰ ਵੱਖਰੇ-ਵੱਖਰੇ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਕੀ ਉਸ ਦਾ ਮਕਸਦ ਇਹ ਸੀ ਕਿ ਜਿਹੜਾ ਉਪਦੇਸ਼ ਉਸ ਨੇ ਕਲੀਸਿਆ ਦੇ ਲਈ ਘੱਲਿਆ ਹੈ ਉਸ ਨੂੰ ਉਸ ਦੀ ਨਿੱਜੀ ਹਜ਼ੂਰੀ ਅਤੇ ਨਿੱਜੀ ਸਿੱਖਿਆ ਦੇ ਥਾਂ ਲਿਆ ਜਾਵੇ? ਸ਼ਾਇਦ ਹਾਂ, ਪਰ ਇਨ੍ਹਾਂ ਸ਼ਬਦਾਂ ਦਾ ਹੋਰ ਵੀ ਡੂੰਘਾ ਅਰਥ ਨਿਕਲਦਾ ਹੈ।

5:3 ਵਿੱਚ ਜ਼ੋਰਦਾਰ "ਮੈਂ" (ἐγώ, *ਈਗੋ*) ਦੀ ਤੁਲਨਾ 5:2 ਵਿੱਚ ਜ਼ੋਰਦਾਰ "ਤੁਸੀਂ" (ὑμεῖς, *ਹੁਮੇਇਸ*) ਨਾਲ ਕਰਦਿਆਂ ਪੌਲੁਸ ਨੇ ਆਖਿਆ ਕਿ ਇਸ ਮਸਲੇ ਉੱਤੇ ਆਪਣਾ ਫੈਸਲਾ ਸੁਣਾਉਣ ਲਈ ਉਸ ਨੂੰ ਆਪ ਸਰੀਰਕ ਤੌਰ 'ਤੇ ਹਾਜ਼ਰ ਰਹਿਣ ਦੀ ਲੋੜ ਨਹੀਂ ਸੀ। ਆਪਣੇ ਹਿਰਦੇ ਅਤੇ ਮਨ ਨਾਲ ਪੌਲੁਸ ਕੁਰਿੰਥੁਸ ਵਿੱਚ ਉਨ੍ਹਾਂ ਦੇ ਨਾਲ ਹੀ ਸੀ। ਉਹ ਉਨ੍ਹਾਂ ਦੀਆਂ ਮੰਡਲੀਆਂ ਵਿੱਚ ਇੱਕ ਅਦ੍ਰਿਸ਼ ਮਹਿਮਾਨ ਸੀ। **ਭਈ ਜਾਣੋ ਮੈਂ** [ਉਹ] **ਸਨਮੁਖ ਹੀ ਸਾਂ** [ਸੀ], ਪੌਲੁਸ ਆਖਦਾ ਹੈ ਕਿ ਉਹ ਉਸ ਵਿਅਕਤੀ ਦਾ **ਨਬੇੜਾ ਇਸ ਪਰਕਾਰ ਕਰ ਹਟਿਆ, ਨੇ ਇਹ ਕੰਮ ਐਉਂ ਕੀਤਾ** [ਸੀ]। ਮਸੀਹ ਦਾ ਰਸੂਲ ਹੁੰਦਿਆਂ, ਪੌਲੁਸ ਨੇ ਦਰਸਾਇਆ ਕਿ ਨਿਹਚਾ ਵਿੱਚ ਨੈਤਿਕ ਮੰਗਾਂ ਅਤੇ ਜ਼ਿੰਮੇਵਾਰੀਆਂ ਸ਼ਾਮਲ ਹਨ।

**ਆਇਤ 4.** 5:4 ਦੇ ਅਨੁਵਾਦ ਵੱਖਰੇ-ਵੱਖਰੇ ਹਨ ਕਿਉਂਕਿ ਇਹ ਜਾਣਨਾ ਔਖਾ ਹੈ ਕਿ **ਪ੍ਰਭੂ ਯਿਸੂ ਮਸੀਹ ਦੇ ਨਾਮ ਉੱਤੇ** ਸ਼ਬਦਾਂ ਦਾ ਕੀ ਅਰਥ ਹੈ। NRSV ਆਇਤ 4 ਨੂੰ ਆਇਤ 3 ਦੇ ਨਾਲ ਮਿਲਾ ਕੇ ਲਿਖਦੀ ਹੈ, ਜੋ ਇਸ ਤਰ੍ਹਾਂ ਦਿਖਾਈ ਦਿੰਦੀ ਹੈ: "ਮੈਂ ਤਾਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਉਸ ਵਿਅਕਤੀ ਦਾ ਨਬੇੜਾ ਕਰ ਹਟਿਆ ਹਾਂ ਜਿਸ ਨੇ ਇਸ ਤਰ੍ਹਾਂ ਦਾ ਕੰਮ ਕੀਤਾ ਹੈ" (5:3, 4)। NIV ਇਨ੍ਹਾਂ ਸ਼ਬਦਾਂ ਨੂੰ ਕਲੀਸਿਆ ਦੇ ਇਕੱਠੇ ਹੋਣ ਦੇ ਨਾਲ ਜੋੜਦੀ ਹੈ ਅਤੇ ਇਸ ਅਨੁਵਾਦ ਨੂੰ ਪੇਸ਼ ਕਰਦੀ ਹੈ: "ਜਦ ਤੁਸੀਂ ਇਕੱਠੇ ਹੁੰਦੇ ਹੋ . . . ਅਤੇ ਸਾਡੇ ਪ੍ਰਭੂ ਯਿਸੂ ਦੀ ਸਮਰੱਥਾ ਮੌਜੂਦ ਹੁੰਦੀ ਹੈ।" NASB ਇਨ੍ਹਾਂ ਸ਼ਬਦਾਂ ਨੂੰ ਅਪਰਾਧੀ ਨੂੰ ਸ਼ਤਾਨ ਦੇ ਸਪੁਰਦ ਕੀਤੇ ਜਾਣ ਦੇ ਪੌਲੁਸ ਦੇ ਫੈਸਲੇ ਨੂੰ ਸਪੱਸ਼ਟ ਕਰਨ ਲਈ ਕਰਦੀ ਹੈ। ਇਹ ਆਖਦੀ ਹੈ, "ਸਾਡੇ ਪ੍ਰਭੂ ਯਿਸੂ ਦੇ ਨਾਮ ਵਿੱਚ," **ਜਦ . . . ਤੁਸੀਂ . . . ਇਕੱਠੇ ਹੋਏ।** ਇਹ ਭਿੰਨਤਾਵਾਂ ਛੋਟੀਆਂ-ਛੋਟੀਆਂ ਹਨ, ਪਰ ਪੌਲੁਸ ਦੀ ਇਹ ਨਿਸ਼ਚਿਤਤਾ ਕਿ ਉਹ ਉਸ ਵਿਅਕਤੀ ਦਾ ਨਬੇੜਾ ਕਰ ਹਟਿਆ ਹੈ (5:3), NRSV ਦੇ ਅਨੁਵਾਦ ਨੂੰ ਵਧੇਰੇ ਢੁਕਵਾਂ ਠਹਿਰਾਉਂਦੀ ਹੈ।

ਇਸ ਗੱਲ 'ਤੇ ਵੀ ਸਵਾਲ ਉੱਠਦੇ ਹਨ ਕਿ **ਸਾਡੇ ਪ੍ਰਭੂ ਯਿਸੂ ਦੀ ਸਮਰੱਥਾ ਨਾਲ** ਸ਼ਬਦ ਕਿਸ ਗੱਲ ਨਾਲ ਜੁੜਦੇ ਹਨ। ਕੀ ਪੌਲੁਸ ਦੀ ਆਤਮਕ ਹਾਜ਼ਰੀ "ਪ੍ਰਭੂ ਯਿਸੂ ਮਸੀਹ ਦੇ ਸਮਰੱਥਾ" ਦੇ ਦੁਆਰਾ ਉਨ੍ਹਾਂ ਦੇ ਨਾਲ ਸੀ ਜਾਂ ਫਿਰ ਇਹ ਸ਼ਬਦ ਪਾਪ ਵਿੱਚ ਜੀ ਰਹੇ ਵਿਅਕਤੀ ਨੂੰ ਸ਼ਤਾਨ ਨੂੰ ਸਪੁਰਦ ਕੀਤੇ ਜਾਣ ਦੇ ਨਾਲ ਜੁੜਿਆ ਹੈ? ਇਹ ਸ਼ਬਦ ਤਾਂ ਇੱਕ ਭਾਵ ਨਾਲ ਤਕਨੀਕੀ ਹਨ; ਪਰ ਇਸ ਆਇਤ ਅਤੇ ਅਗਲੀਆਂ ਆਇਤਾਂ ਦਾ ਭਾਵ ਸਪੱਸ਼ਟ ਹੈ। ਰਸੂਲ ਪੌਲੁਸ ਦੇ ਇਖਤਿਆਰ ਨੇ ਪ੍ਰਭੂ ਯਿਸੂ ਦੇ ਨਾਲ ਦੇ ਨਾਲ ਜੁੜ ਕੇ ਐਲਾਨ ਕੀਤਾ

ਸੀ ਕਿ ਵਿਸ਼ਵਾਸੀਆਂ ਦੀ ਮੰਡਲੀ ਵਿੱਚ ਅਨੈਤਿਕਤਾ ਦੀ ਪਰਵਾਨਗੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

**ਆਇਤ 5.** ਸਿਰਫ ਇੱਥੇ ਅਤੇ 1 ਤਿਮੋਥਿਉਸ 1:20 ਵਿੱਚ (ਹੁਮਿਨਾਯੁਸ ਅਤੇ ਸਿਕੰਦਰ ਦੀ ਗੱਲ ਕਰਦਿਆਂ) ਪੌਲੁਸ ਨੇ ਕਲੀਸਿਆ ਨੂੰ ਨਿਰਦੇਸ਼ ਦਿੱਤਾ ਕਿ ਇਹੋ **ਜਿਹੇ ਮਨੁੱਖ ਨੂੰ . . . ਸ਼ਤਾਨ ਦੇ ਹਵਾਲੇ ਕਰੋ।** ਇਨ੍ਹਾਂ ਸ਼ਬਦਾਂ ਦਾ ਅਰਥ ਭਾਵੇਂ ਹੋਰ ਜੋ ਵੀ ਹੋਵੇ, ਪਰ ਇੱਕ ਅਰਥ ਸਪੱਸ਼ਟ ਸੀ ਕਿ ਪੌਲੁਸ ਅਜਿਹੇ ਅਪਰਾਧੀ ਨੂੰ ਪਰਮੇਸ਼ੁਰ ਦੇ ਲੋਕਾਂ, ਕਲੀਸਿਆ, ਦੀ ਸੰਗਤੀ ਤੋਂ ਵੱਖਰਾ ਕਰਨਾ ਚਾਹੁੰਦਾ ਸੀ। ਕਲੀਸਿਆ ਉਹ ਥਾਂ ਹੈ ਜਿੱਥੇ ਮਸੀਹ ਲੋਕਾਂ ਦੇ ਵਿਸ਼ਵਾਸ ਅਤੇ ਵਿਹਾਰ ਉੱਤੇ ਆਪਣਾ ਪ੍ਰਭਾਵ ਪਾਉਂਦਾ ਹੈ। ਮਸੀਹ ਦੀ ਦੇਹੀ ਤੋਂ ਬਾਹਰ ਦਾ ਸਾਰਾ ਇਲਾਕਾ ਸ਼ਤਾਨ ਦੇ ਪ੍ਰਭਾਵ ਹੇਠ ਆਉਂਦਾ ਹੈ।

ਸ਼ਤਾਨ ਦੇ ਸਪੁਰਦ ਕੀਤੇ ਜਾਣ ਦੇ ਨਤੀਜੇ ਵਜੋਂ **ਸਰੀਰ ਦੇ ਨਾਸ ਹੋਣ** ਦਾ ਕੀ ਭਾਵ ਸੀ? ਇਸ ਗੱਲ ਦੀ ਤਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿ ਪੌਲੁਸ ਸ਼ਤਾਨ ਨੂੰ ਪਰਮੇਸ਼ੁਰ ਵੱਲੋਂ ਦਿੱਤੀ ਜਾਣ ਵਾਲੀ ਸਜ਼ਾ ਲਿਆਉਣ ਵਾਲਾ ਜ਼ਰੀਆ ਆਖ ਰਿਹਾ ਸੀ। ਉਹ ਇਹ ਤਾਂ ਕਦੇ ਵੀ ਨਹੀਂ ਆਖ ਰਿਹਾ ਸੀ ਕਿ ਸ਼ਤਾਨ ਉਸ ਵਿਅਕਤੀ ਨੂੰ ਅਨੁਸ਼ਾਸਿਤ ਕਰੇਗਾ **ਭਈ ਉਹ ਦਾ ਆਤਮਾ ਪ੍ਰਭੂ ਯਿਸੂ ਦੇ ਦਿਨ ਬਚ ਜਾਵੇ।** ਸ਼ਾਇਦ ਪੌਲੁਸ ਦੇ ਕਹਿਣ ਦਾ ਭਾਵ ਇਹ ਸੀ ਕਿ ਪਰਮੇਸ਼ੁਰ ਦੇ ਲੋਕਾਂ ਦੇ ਨਾਲ ਸੰਗਤੀ ਕਰਦਿਆਂ ਪਾਪ ਵਿੱਚ ਲਿਪਤ ਰਹਿਣ ਦੇ ਕਾਰਣ ਪਾਪ ਲੁਕ ਜਾਂਦਾ ਹੈ ਅਤੇ ਇਸ ਦੇ ਵਿਨਾਸ਼ਕਾਰੀ ਪ੍ਰਭਾਵ ਖੁੱਲ੍ਹ ਕੇ ਸਾਹਮਣੇ ਨਹੀਂ ਆਉਂਦੇ। ਜਦ ਕਿਸੇ ਵਿਅਕਤੀ ਨੂੰ ਸ਼ਤਾਨ ਦੇ ਸਪੁਰਦ ਕੀਤਾ ਜਾਂਦਾ ਹੈ, ਜਦ ਕਲੀਸਿਆ ਦੇ ਨਾਲ ਉਸ ਦੀ ਸੰਗਤੀ ਟੁੱਟ ਜਾਂਦੀ ਹੈ, ਤਦ ਮਜਬੂਰਨ ਉਸ ਨੂੰ ਆਪਣੇ ਪਾਪ ਦਾ ਸਿੱਧਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ "ਇਹੋ ਜਿਹੇ ਮਨੁੱਖ ਨੂੰ ਸ਼ਤਾਨ ਦੇ ਹਵਾਲੇ" ਕਰਨ ਦਾ ਉਦੇਸ਼ – ਉਸ ਦੇ ਬਚਾਏ ਜਾਣ ਦੇ ਲਈ – ਪੂਰਾ ਕੀਤਾ ਜਾ ਸਕਦਾ ਹੈ। ਜਦ ਉਹ ਵਿਅਕਤੀ ਆਪਣੇ ਪਾਪ ਦੀ ਕਾਲਖ ਨੂੰ ਵੇਖਦਾ ਹੈ, ਤਾਂ ਇਸ ਨਾਲ ਉਸ ਦੀਆਂ ਸਰੀਰਕ ਲਾਲਸਾਵਾਂ ਨਾਸ ਹੋ ਜਾਣੀਆਂ ਚਾਹੀਦੀਆਂ ਹਨ ਜਿਹੜੀਆਂ ਉਸ ਦੇ ਸ਼ਰਮਨਾਕ ਕਾਰੇ ਦੀ ਜੜ੍ਹ ਰਹੀਆਂ ਹਨ। ਜਦ ਸ਼ਤਾਨ ਨੂੰ ਇਸ ਉਦੇਸ਼ ਲਈ ਵਿੱਚ ਲਿਆਇਆ ਜਾਂਦਾ ਹੈ ਤਾਂ ਉਹ ਅਣਇੱਛਾ ਨਾਲ ਅਜਿਹਾ ਕਰਦਾ ਹੈ। ਪਾਪ ਆਪਣੇ ਆਪ ਨੂੰ ਵਧਾਉਂਦਾ ਹੈ ਅਤੇ ਦੁਰਦਸ਼ਾ ਨੂੰ ਜਨਮ ਦਿੰਦਾ ਹੈ, ਤਾਂ ਜੋ ਪਾਪ ਦੇ ਭੈੜੇ ਨਤੀਜੇ ਪਾਪੀ ਨੂੰ ਹੋਸ਼ ਵਿੱਚ ਲੈ ਆਉਂਦੇ ਹਨ (ਲੂਕਾ 15:17)।

ਕੁਝ ਲੋਕਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਸਰੀਰ ਦਾ ਨਾਸ ਅਸਲ ਸਰੀਰਕ ਨਤੀਜਿਆਂ ਵੱਲ ਸੰਕੇਤ ਕਰਦਾ ਹੈ (ਜਿਵੇਂ ਰਸੂਲਾਂ ਦੇ ਕਰਤੱਬ 5:1-11 ਵਿੱਚ ਹਨਾਨਿਯਾ ਅਤੇ ਸਫ਼ੀਰਾ ਨਾਲ ਅਤੇ ਰਸੂਲਾਂ ਦੇ ਕਰਤੱਬ 13:8, 11 ਵਿੱਚ ਇਲਮਾਸ ਨਾਲ ਹੋਇਆ ਸੀ)। ਜੇਕਰ ਅਜਿਹਾ ਹੈ ਤਾਂ ਸਰੀਰਕ ਰੋਗਾਂ ਅਤੇ ਪਾਪ ਨੂੰ ਹਮੇਸ਼ਾ ਆਪਸ ਵਿੱਚ ਸਿੱਧੇ ਤੌਰ 'ਤੇ ਜੋੜਿਆ ਜਾਵੇਗਾ, ਜਿਸ ਨੂੰ ਬਾਈਬਲ ਦੀ ਸਿੱਖਿਆ ਦੇ ਅਨੁਸਾਰ ਸਹੀ ਆਖਣਾ ਬਹੁਤ ਔਖਾ ਹੈ (ਉਦਾਹਰਣ ਵਜੋਂ, ਯੂਹੰਨਾ 9:3)। ਇਹ ਤਾਂ ਸਪੱਸ਼ਟ ਹੈ: ਕਲੀਸਿਆ ਦੇ ਅਨੁਸ਼ਾਸਨ ਦਾ ਉਦੇਸ਼ ਹਮੇਸ਼ਾ ਧਰਮੀ ਕ੍ਰੋਧ ਦਾ ਪ੍ਰਗਟਾਵਾ ਨਹੀਂ ਹੈ। ਇਹ ਤਾਂ ਨਿਆਉਂ ਦੇ ਦਿਨ ਪਾਪੀ ਦੀ ਆਤਮਾ ਨੂੰ ਪ੍ਰਭੂ ਦੇ ਲਈ ਪ੍ਰਾਪਤ ਕਰਨਾ ਹੈ।

# ਕਲੀਸਿਆ ਦਾ ਸ਼ੁੱਧ ਕੀਤਾ ਜਾਣਾ (5:6-8)

ਕਲੀਸਿਆ ਦਾ ਛੇਤੀ ਨਾਲ ਅਤੇ ਨਿਰਣਾਇਕ ਰੂਪ ਵਿੱਚ ਕੰਮ ਕਰਨਾ ਜ਼ਰੂਰੀ ਸੀ। ਪੌਲੁਸ ਨੇ ਮਸੀਹ ਦੇ ਨਿਸਤਾਰੇ ਦੇ ਕੰਮ ਦਾ ਉਦਾਹਰਣ ਦੇਣ ਦੇ ਲਈ ਪਸਾਹ ਦੀ ਵਰਤੋਂ ਕੀਤੀ। ਪੌਲੁਸ ਨੇ ਮੰਡਲੀ ਨੂੰ ਉਸ ਮਨੁੱਖ ਨੂੰ ਸੁਧਾਰਣ ਦੀ ਬੇਨਤੀ ਕੀਤੀ ਜਿਹੜਾ ਪਾਪ ਵਿੱਚ ਰਹਿ ਰਿਹਾ ਸੀ। ਮਸੀਹੀ ਲੋਕ ਜਿਹੜੇ ਮਸੀਹ ਦੇ ਰਾਹੀਂ ਸ਼ੁੱਧ ਕੀਤੇ ਗਏ ਸਨ ਉਨ੍ਹਾਂ ਨੂੰ ਅਜਿਹੇ ਲੋਕਾਂ ਵਾਂਗ ਜੀਉਣਾ ਚਾਹੀਦਾ ਹੈ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਣਨ ਦੇ ਲਈ ਬਣਾਇਆ ਸੀ। ਮਸੀਹ ਦੀ ਕਲੀਸਿਆ ਦੀ ਪਵਿੱਤਰਤਾਈ ਉਨ੍ਹਾਂ ਲੋਕਾਂ ਦੇ ਧਰਮੀ ਜੀਵਨਾਂ ਵਿੱਚ ਪਰਗਟ ਹੁੰਦੀ ਹੈ ਜਿਹੜੇ ਉਸ ਦੇ ਨਾਮ ਨੂੰ ਪਹਿਨਦੇ ਹਨ।

**6ਤੁਹਾਡਾ ਅਭਮਾਨ ਅੱਛਾ ਨਹੀਂ। ਕੀ ਤੁਸੀਂ ਨਹੀਂ ਜਾਣਦੇ ਜੋ ਥੋੜਾ ਜਿਹਾ ਖਮੀਰ ਸਾਰੀ ਤੌਣ ਨੂੰ ਖਮੀਰਿਆਂ ਕਰ ਦਿੰਦਾ ਹੈ? 7ਪੁਰਾਣੇ ਖਮੀਰ ਨੂੰ ਕੱਢ ਸੁੱਟੋ ਭਈ ਜਿਵੇਂ ਤੁਸੀਂ ਪਤੀਰੇ ਹੋਏ ਹੋ ਤਿਵੇਂ ਤੁਸੀਂ ਸੱਜਰੀ ਤੌਣ ਬਣੋ ਕਿਉਂ ਜੋ ਸਾਡਾ ਪਸਾਹ ਦਾ ਲੇਲਾ ਅਰਥਾਤ ਮਸੀਹ ਬਲੀਦਾਨ ਹੋਇਆ। 8ਸੋ ਆਓ, ਅਸੀਂ ਤਿਉਹਾਰ ਮਨਾਈਏ, ਪੁਰਾਣੇ ਖਮੀਰ ਨਾਲ ਨਹੀਂ, ਨਾ ਬੁਰਿਆਈ ਅਰ ਦੁਸ਼ਟਪੁਣੇ ਦੇ ਖਮੀਰ ਨਾਲ ਸਗੋਂ ਨਿਸ਼ਕਪਟਤਾ ਅਤੇ ਸਚਿਆਈ ਦੀ ਪਤੀਰੀ ਰੋਟੀ ਨਾਲ।**

**ਆਇਤ 6.** ਤੋਬਾ ਦੇ ਲਈ ਹਲੀਮੀ ਜ਼ਰੂਰੀ ਹੈ। ਕੁਰਿੰਥੁਸ ਦੇ ਲੋਕਾਂ ਦੇ ਅਭਮਾਨ ਨੇ ਉਨ੍ਹਾਂ ਵਿੱਚ ਫੁੱਟ ਪਾਉਣ ਅਤੇ ਪੌਲੁਸ ਬਾਰੇ ਸ਼ਿਕਾਇਤ ਕਰਨ ਵਿੱਚ ਯੋਗਦਾਨ ਦਿੱਤਾ ਸੀ। ਇਹ ਭਰਾ ਬੜੇ ਘਮੰਡ ਨਾਲ ਆਪਣੇ ਸਿਰ ਉੱਚੇ ਕਰਕੇ ਚੱਲਦੇ ਸਨ ਜਦਕਿ ਉਨ੍ਹਾਂ ਨੂੰ ਸ਼ਰਮਿੰਦਗੀ ਨਾਲ ਆਪਣੇ ਸਿਰ ਨੀਵੇਂ ਕਰਕੇ ਚੱਲਣਾ ਚਾਹੀਦਾ ਸੀ। ਅਭਮਾਨ, ਸ਼ਰਮਿੰਦਗੀ, ਘਮੰਡ ਅਤੇ ਹਲੀਮੀ ਦਾ ਆਪਸ ਵਿੱਚ ਸੰਬੰਧ ਹੈ। ਪੌਲੁਸ ਨੇ ਆਪਣੇ ਨਿਆਂ ਨੂੰ ਸਪੱਸ਼ਟ ਕੀਤਾ: **ਤੁਹਾਡਾ ਅਭਮਾਨ ਅੱਛਾ ਨਹੀਂ**। ਇੱਕ ਮਨੁੱਖ ਦੇ ਲਈ ਕਲੀਸਿਆ ਦੀ ਸਹਿਣਸ਼ੀਲਤਾ ਜਿਹੜਾ ਆਪਣੇ ਪਿਉ ਦੀ ਤੀਵੀਂ ਨਾਲ ਪਾਪ ਵਿੱਚ ਰਹਿ ਰਿਹਾ ਸੀ ਉਸ ਘਮੰਡ ਅਤੇ ਅਭਮਾਨ ਦਾ ਸੂਚਕ ਸੀ ਜਿਸ ਨੇ ਕਲੀਸਿਆ ਨੂੰ ਪਰੇਸ਼ਾਨ ਕੀਤਾ ਸੀ (1:29; 3:21; 4:6, 18; 5:2; 8:1)। ਅਭਮਾਨ, ਆਤਮ-ਨਿਰੀਖਣ ਅਤੇ ਹਲੀਮੀ ਦੇ ਵਿੱਚ ਜੋ ਕਿ ਤੋਬਾ ਦੇ ਲਈ ਜ਼ਰੂਰੀ ਹਨ, ਇੱਕ ਰੁਕਾਵਟ ਹੈ। ਅਭਮਾਨ ਕਲੀਸਿਆ ਨੂੰ ਸੰਸਾਰ ਦੇ ਰੂਪ ਜਿਹਾ ਬਣਾਉਂਦਾ ਹੈ; ਇਹ ਮਸੀਹ ਦੇ ਨਾਮ ਨੂੰ ਨਿਰਾਦਰ ਦਿਵਾਉਂਦਾ ਹੈ ਅਤੇ ਵਿਸ਼ਵਾਸੀਆਂ ਨੂੰ ਪ੍ਰਭੂ ਦੀਆਂ ਬਰਕਤਾਂ ਤੋਂ ਵੱਖਰਾ ਕਰਦਾ ਹੈ।

ਪੌਲੁਸ ਨੇ ਰਸੋਈ ਵਿੱਚੋਂ ਇੱਕ ਉਦਾਹਰਣ ਲੈ ਕੇ ਆਪਣੀ ਗੱਲ ਤੇ ਜ਼ੋਰ ਦਿੱਤਾ ਸੀ। ਥੋੜਾ ਜਿਹਾ ਖਮੀਰ ਜੇਕਰ ਆਟੇ ਵਿੱਚ ਗੁਨ੍ਹਿਆ ਜਾਵੇ ਤਾਂ ਇਹ ਅੰਦਰੇ ਅੰਦਰ ਅਤੇ ਛੇਤੀ ਨਾਲ ਸਾਰੀ ਤੌਣ ਨੂੰ ਖਮੀਰਿਆਂ ਕਰ ਦਿੰਦਾ ਹੈ। ਉਸ ਨੇ ਕਿਹਾ, **ਥੋੜਾ ਜਿਹਾ ਖਮੀਰ ਸਾਰੀ ਤੌਣ ਨੂੰ ਖਮੀਰਿਆਂ ਕਰ ਦਿੰਦਾ ਹੈ**। ਯਿਸੂ ਨੇ ਖਮੀਰ ਦੇ ਬਾਰੇ ਸਕਾਰਾਤਮਕ ਭਾਵ ਵਿੱਚ ਗੱਲ ਕੀਤੀ ਸੀ: ਪਰਮੇਸ਼ੁਰ ਦਾ ਰਾਜ ਖ਼ਮੀਰ ਦੇ ਵਾਂਗ ਸੰਸਾਰ ਵਿੱਚ ਪ੍ਰਵੇਸ਼ ਕਰੇਗਾ (ਮੱਤੀ 13:33); ਪਰ ਬੁਰਿਆਈ ਵੀ ਖ਼ਮੀਰ ਦੇ ਵਾਂਗ ਫੈਲ ਸਕਦੀ ਹੈ। ਸਗੋਂ ਉਨ੍ਹਾਂ ਸ੍ਰੋਤਾਂ ਦੇ ਨਾਲ ਵੀ ਜੋ ਮਸੀਹ ਨੇ ਆਪਣੇ ਲੋਕਾਂ ਨੂੰ ਪਵਿੱਤਰ ਜੀਉਣ ਦੇ ਲਈ ਦਿੱਤੇ ਸਨ, ਪਾਪ ਗੁਪਤ ਰਹਿ ਕੇ ਹਮਲਾ ਕਰਨ ਦੇ ਲਈ ਤਿਆਰ ਰਹਿੰਦਾ ਹੈ। ਵਫ਼ਾਦਾਰ ਮਸੀਹੀ ਲੋਕਾਂ ਦੀ ਸੰਗਤ ਵਿੱਚ, ਜੱਦੋ-ਜਹਿਦ ਕਰ ਰਹੇ ਚੇਲਿਆਂ ਨੂੰ ਬੁਰਿਆਈ ਦਾ ਸਾਹਮਣਾ ਕਰਨ ਦੀ ਸਹਾਇਤਾ ਅਤੇ

ਸੰਕਲਪ ਮਿਲਦਾ ਹੈ। ਜਦੋਂ ਪਾਪ ਨੂੰ ਕਲੀਸਿਆ ਦਾ ਬੂਹਾ ਖੁੱਲ੍ਹਾ ਮਿਲਦਾ ਹੈ, ਸੰਕਲਪ ਕਮਜ਼ੋਰ ਪੈ ਜਾਂਦਾ ਹੈ; ਫਿਰ ਕੁਧਰਮ ਫੈਲਦਾ ਹੈ। ਕਲੀਸਿਆ ਦੇ ਮੈਂਬਰ ਬਹੁਤ ਹੀ ਨੇੜਿਓਂ ਇੱਕ ਦੂਜੇ ਨਾਲ ਆਪਣੇ ਆਪ ਨੂੰ ਜੁੜਿਆ ਪਾਉਂਦੇ ਹਨ। ਕਿਸੇ ਦਾ ਵੀ ਪਾਪ ਕਠੋਰਤਾ ਨਾਲ ਉਸ ਦਾ ਆਪਣਾ ਕੰਮ ਨਹੀਂ ਕਰਦਾ। ਹਰ ਕੋਈ ਜਿਸ ਨੇ ਮਸੀਹ ਦੇ ਨਾਮ ਨੂੰ ਪਹਿਨਿਆ ਹੈ, ਇੱਕ ਭਾਵ ਵਿੱਚ, ਆਪਣੇ ਭਰਾ ਦਾ ਰਖਵਾਲਾ ਹੈ (ਵੇਖੋ ਉਤਪਤ 4:9)। ਇੱਕ ਵਿਅਕਤੀ ਦਾ ਪਾਪ ਸਰੀਰ ਦੇ ਰਾਹੀਂ ਦੂਜੇ ਵਿੱਚ ਫੈਲਦਾ ਹੈ ਜਿਵੇਂ ਖਮੀਰ ਸਾਰੀ ਤੌਣ ਨੂੰ ਖਮੀਰਿਆਂ ਕਰਦਾ ਹੈ।

ਕੁਰਿੰਥੁਸ ਵਿੱਚ ਹੋਰਨਾਂ ਗਤੀਵਿਧੀਆਂ ਦੇ ਨਾਲ-ਨਾਲ ਰਸੂਲ ਇਸ ਗੱਲ ਤੋਂ ਵੀ ਬਹੁਤ ਜ਼ਿਆਦਾ ਨਿਰਾਸ਼ ਹੋਇਆ ਹੋਵੇਗਾ, ਪਰ ਫਿਰ ਵੀ ਉਹ ਨੇ ਲੋਕਾਂ ਦੀਆਂ ਗਲਤੀਆਂ ਨਾਲ ਨਜਿੱਠਿਆ ਅਤੇ ਉਨ੍ਹਾਂ ਨੂੰ ਤੋਬਾ ਦੇ ਲਈ ਬੁਲਾਇਆ। ਪਰਮੇਸ਼ੁਰ ਦੇ ਰਾਜ ਵਿੱਚ ਕੰਮ ਕਰਨ ਵਾਲਿਆਂ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਜਦੋਂ ਉਨ੍ਹਾਂ ਦਾ ਸਾਹਮਣਾ ਉਨ੍ਹਾਂ ਦੇ ਨਾਲ ਹੁੰਦਾ ਹੈ ਜਿਨ੍ਹਾਂ ਨੇ ਮਸੀਹ ਨੂੰ ਗਲਤ ਸਮਝਿਆ ਅਤੇ ਮਸੀਹ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਦੇ ਹਨ। ਯਿਸੂ ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਵਾਂਗ, ਪੌਲੁਸ ਨੇ ਕਦੇ ਵੀ ਪਾਪ ਨਾਲ ਸਮਝੌਤਾ ਨਹੀਂ ਸੀ ਕੀਤਾ। ਨਾ ਹੀ ਉਸ ਨੇ ਲੋਕਾਂ ਤੋਂ ਕਦੇ ਹਾਰ ਮੰਨੀ ਜਦੋਂ ਉਸ ਨੇ ਲੋਕਾਂ ਨੂੰ ਹਰਾਮਕਾਰੀ ਦੇ ਦੋਸ਼ੀ ਪਾਇਆ ਜਾਂ ਉਨ੍ਹਾਂ ਨੂੰ ਝੂਠੀ ਸਿੱਖਿਆ ਅਪਨਾਉਂਦੇ ਪਾਇਆ। ਹੱਦਾਂ ਵਿੱਚ ਰਹਿ ਕੇ, ਇੱਕ ਮਸੀਹੀ ਹੋਣਾ ਇੱਕ ਵਿਹਾਰਵਾਦੀ ਬਣਨਾ ਹੈ। ਫਰਾਂਸਿਸ ਸ਼ੈਫਰ ਨੇ ਲਿਖਿਆ,

> ਮੈਨੂੰ ਪੂਰਾ ਯਕੀਨ ਹੈ ਕਿ ਬਹੁਤ ਸਾਰੀਆਂ ਅਨੋਖੀਆਂ ਚੀਜ਼ਾਂ ਤਬਾਹ ਕਰ ਦਿੱਤੀਆਂ ਹਨ ਕਿਉਂਕਿ ਲੋਕਾਂ ਦੇ ਮਨਾਂ ਵਿੱਚ ਪਹਿਲਾਂ ਤੋਂ ਹੀ ਕਲਪਨਾ ਕੀਤਾ ਹੋਇਆ ਅਤੇ ਖਿਆਲੀ ਵਿਚਾਰ ਸੀ ਕਿ ਸੰਪੂਰਣ ਚੀਜ਼ ਕਿਸ ਤਰ੍ਹਾਂ ਦੀ ਹੋਵੇਗੀ, ਉਹ ਇਸ ਤੋਂ ਘੱਟ ਹੋਰ ਕੁਝ ਨਹੀਂ ਸੀ ਚਾਹੁੰਦੇ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਉਸ ਨੂੰ ਵੀ ਭੰਨ ਸੁੱਟਿਆ ਜੋ ਹੋ ਸਕਦਾ ਸੀ।[3]

**ਆਇਤ 7.** ਉਹ ਮਨੁੱਖ ਜਿਹੜਾ ਆਪਣੇ ਪਿਉ ਦੀ ਤੀਵੀਂ ਨਾਲ ਰਹਿ ਰਿਹਾ ਸੀ ਪਾਪ ਦਾ ਪੁਰਾਣਾ ਖਮੀਰ ਸੀ ਜਿਸ ਨੂੰ ਕੁਰਿੰਥੁਸ ਦੀ ਮੰਡਲੀ ਵਿੱਚੋਂ ਬਾਹਰ ਕੱਢਣ ਦੀ ਲੋੜ ਸੀ। ਮਸੀਹ ਦੀ ਸਰੂਪਤਾ ਇਹ ਮੰਗ ਕਰਦੀ ਸੀ ਕਿ ਕਲੀਸਿਆ ਸ਼ੁੱਧ ਅਤੇ ਨਵੀਂ ਬਣੇ। ਪੌਲੁਸ ਨੇ ਇਨ੍ਹਾਂ ਵਿਸ਼ਵਾਸੀਆਂ ਨੂੰ ਇਸ ਗੱਲ ਤੇ ਜ਼ੋਰ ਦੇਣ ਦੀ ਬੇਨਤੀ ਕੀਤੀ ਸੀ ਕਿ ਦੇਹ ਜਾਂ ਕਲੀਸਿਆ ਉਹ ਬਣੇ ਜੋ ਮਸੀਹ ਨੇ ਇਸ ਨੂੰ ਬਣਨ ਦੇ ਲਈ ਬਣਾਇਆ ਸੀ: ਪਵਿੱਤਰ ਲੋਕ ਸਰੀਰਕ ਐਸ਼ਪ੍ਰਸਤੀ ਤੇ ਜਿੱਤ ਪਾਉਂਦੇ ਹਨ। **ਮਸੀਹ ਸਾਡਾ ਪਸਾਹ** ਉਨ੍ਹਾਂ ਪਵਿੱਤਰ ਲੋਕਾਂ ਨੂੰ ਰਚਨ ਦੇ ਲਈ ਮਰਿਆ ਜਿਹੜੇ ਪਰਮੇਸ਼ੁਰ ਦੇ ਨਾਮ ਦੇ ਲਈ ਆਦਰ ਲਿਆਉਂਦੇ ਹਨ।

NASB ਬਾਈਬਲ ਵਿੱਚ "ਲੇਲਾ" ਸ਼ਬਦ ਆਇਤ 7 ਵਿੱਚ ਨਹੀਂ ਆਉਂਦਾ ਹੈ, ਪਰ ਪੌਲੁਸ ਨੇ ਯਿਸੂ ਨੂੰ "ਸਾਡਾ ਪਸਾਹ" ਆਖਿਆ ਅਤੇ ਇਹ ਕਿਹਾ ਕਿ ਉਹ "ਬਲੀਦਾਨ ਹੋਇਆ।" ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਰਸੂਲ ਇਹ ਕਹਿ ਰਿਹਾ ਹੈ ਕਿ ਸਲੀਬ ਉੱਤੇ ਮਸੀਹ ਦਾ ਬਲੀਦਾਨ ਕੀਤਾ ਜਾਣਾ ਪਸਾਹ ਦੀ ਸ਼ਾਮ ਨੂੰ ਲੇਲੇ ਦੇ ਬਲੀਦਾਨ ਕਰਨ ਦੇ ਵਾਂਗ ਸੀ (ਕੂਚ 12:5), ਪਰ ਇਹ ਆਮ ਤੌਰ ਤੇ ਇੱਕ ਲੇਲਾ ਹੀ ਹੁੰਦਾ ਸੀ। ਪਸਾਹ ਦੇ ਲੇਲੇ ਦਾ ਰੂਪਕ ਮਸੀਹ ਵੱਲ ਵੇਖਣ ਦੇ ਦੋ ਵੱਖ-ਵੱਖ ਤਰੀਕੇ ਪ੍ਰਦਾਨ ਕਰਦਾ ਹੈ। ਪਹਿਲਾ, ਇੱਕ ਲੇਲਾ *ਭੋਲੇਪਣ ਦਾ ਪ੍ਰਤੀਕ ਹੈ*। ਫਿਰ ਵੀ, ਇੱਕ ਪਸਾਹ ਦੇ ਬਲੀਦਾਨ ਦੇ ਰੂਪ ਵਿੱਚ ਯਿਸੂ ਦੀ

ਧਾਰਣਾ ਹਮੇਸ਼ਾ ਪਰਮੇਸ਼ੁਰ ਦੇ ਲੇਲੇ ਦੇ ਭੋਲੇਪਣ ਤੇ ਧਿਆਨ ਕੇਂਦਰਿਤ ਨਹੀਂ ਕਰਦੀ। ਇਹ ਆਮ ਤੌਰ ਤੇ, ਇਸ ਦੇ ਦੂਜੇ ਚਿੱਤਰ ਵਿੱਚ, *ਪਾਪਾਂ ਦੇ ਲਈ ਉਸ ਦੇ ਨਿਸਤਾਰੇ ਦਾ* ਜਾਂ ਉਸ ਪਾਪ ਦੇ ਵਿਰੁੱਧ ਪਰਮੇਸ਼ੁਰ ਦੇ ਕ੍ਰੋਧ ਨੂੰ ਸ਼ਾਂਤ ਕਰਨ ਦਾ *ਪਰਚਾਰ ਕਰਦੀ ਹੈ*। ਇਹ ਸਾਡੇ ਮਨ ਵਿੱਚ ਪਰਮੇਸ਼ੁਰ ਦੇ ਵਿਸ਼ਵਾਸੀ ਲੋਕਾਂ ਦੇ ਪਾਪਾਂ ਦੇ ਉੱਤੇ ਦੀ ਲੰਘਣ ਦੇ ਵਿਚਾਰ ਨੂੰ ਲੈ ਕੇ ਆਉਂਦਾ ਹੈ ਜਦੋਂ ਉਹ ਉਨ੍ਹਾਂ ਉੱਤੇ ਆਪਣੇ ਨਿਆਂ ਨੂੰ ਲੈ ਕੇ ਆਉਂਦਾ ਹੈ ਜਿਹੜੇ "ਇੰਜੀਲ ਨੂੰ ਨਹੀਂ ਮੰਨਦੇ" (2 ਥੱਸਲੁਨੀਕੀਆਂ 1:8)। ਜਦਕਿ ਯੂਹੰਨਾ ਅਤੇ ਪਤਰਸ ਦੋਵੇਂ ਯਿਸੂ ਦਾ "ਲੇਲੇ" ਵਜੋਂ ਹਵਾਲਾ ਦਿੰਦੇ ਹਨ (ਯੂਹੰਨਾ 1:29, 36; ਪਰਕਾਸ਼ ਦੀ ਪੋਥੀ 5:6; ਵੇਖੋ 1 ਪਤਰਸ 1:19), ਦੋਹਾਂ ਵਿੱਚੋਂ ਕੋਈ ਵੀ ਸਿੱਧੇ ਤੌਰ ਤੇ ਉਸ ਨੂੰ ਪਸਾਹ ਦੇ ਲੇਲੇ ਵਜੋਂ ਪੇਸ਼ ਨਹੀਂ ਕਰਦਾ। ਤਾਂ ਫਿਰ ਇਹ ਸੋਚਣਾ ਕਿ ਯਿਸੂ ਦੇ ਬਾਰੇ ਦਿੱਤੇ ਹਰ ਹਵਾਲੇ ਵਿੱਚ ਪਸਾਹ ਦੇ "ਲੇਲੇ" ਦਾ ਅਰਥ ਯਿਸੂ ਹੀ ਸੀ ਇੱਕ ਗਲਤੀ ਹੋਵੇਗੀ।

ਇਸ ਹਵਾਲੇ ਵਿੱਚ, ਜਿਵੇਂ ਕਿ ਕੂਚ 12:46 ਅਤੇ ਯੂਹੰਨਾ 19:36 ਦੇ ਹਵਾਲੇ ਵਿੱਚ ਹੈ, ਪ੍ਰਭੂ ਨੂੰ ਸੱਚਮੁੱਚ ਪਸਾਹ ਦਾ ਲੇਲਾ ਸਮਝਿਆ ਗਿਆ ਹੈ। NIV ਅਤੇ NRSV ਦੋਹਾਂ ਬਾਈਬਲਾਂ ਵਿੱਚ 5:7 ਦੇ ਅਨੁਵਾਦ ਵਿੱਚ ਸਹੀ ਰੂਪ ਵਿੱਚ "ਲੇਲਾ" ਸ਼ਬਦ ਦਿੱਤਾ ਗਿਆ ਹੈ।

**ਆਇਤ 8.** ਰਸੂਲ ਪਸਾਹ ਦੇ ਤਿਉਹਾਰ ਦਾ ਹਵਾਲਾ ਦੇ ਰਿਹਾ ਸੀ। ਇਹ ਤਿਉਹਾਰ ਖ਼ੁਸ਼ੀ ਅਤੇ ਜਸ਼ਨ ਦਾ ਸਮਾਂ ਹੁੰਦਾ ਸੀ, ਇੱਕ ਅਜਿਹਾ ਸਮਾਂ ਜਦੋਂ ਯਹੂਦੀ ਸਮਾਜ ਇਸ ਦੇ ਜਨਮ ਤੇ ਆਪਣੇ ਆਪ ਨੂੰ ਲੋਕਾਂ ਦੇ ਰੂਪ ਵਿੱਚ ਦਰਸਾਉਂਦਾ ਸੀ। ਪੌਲੁਸ ਦੇ ਪਹਿਲੇ ਪਾਠਕਾਂ ਨੇ ਇੱਥੇ ਇਸ ਵੱਡੀ ਤੁਲਨਾ ਨੂੰ ਪਛਾਣਿਆ ਹੋਵੇਗਾ: ਇਸ ਤਿਉਹਾਰ ਦੌਰਾਨ ਵਿਸ਼ਵਾਸੀਆਂ ਦਾ ਇਕੱਠ ਉਸ ਐਸ਼ਪ੍ਰਸਤੀ ਵਾਲੀ ਦੁਸ਼ਟਤਾ ਵਰਗਾ ਬਿਲਕੁਲ ਵੀ ਨਹੀਂ ਸੀ ਜੋ ਡਾਇਨੋਸਿਸ ਜਾਂ ਸਿਬੀਲ ਦੇ ਆਦਰ ਵਿੱਚ ਰੰਗ-ਰਲੀਆਂ ਵਾਲੇ ਗੈਰ-ਯਹੂਦੀ ਤਿਉਹਾਰਾਂ ਦਾ ਪ੍ਰਤੀਕ ਸੀ। ਇਹੋ ਜਿਹੀ ਤੁਲਨਾ ਸਾਡੇ ਅੱਜ ਦੇ ਸੰਸਾਰ ਵਿੱਚ ਵੀ ਵੇਖਣ ਨੂੰ ਮਿਲਦੀ ਹੈ ਜਦੋਂ ਇੱਕ ਵਿਅਕਤੀ ਖਾਣੇ ਦੀ ਮੇਜ਼ ਤੇ ਸਾਥੀ ਮਸੀਹੀ ਲੋਕਾਂ ਨਾਲ ਸਦਭਾਵਨਾ ਦੀ ਤੁਲਨਾ ਉਨ੍ਹਾਂ ਦੇ ਪਿੱਛੇ ਹੋਣ ਵਾਲੇ ਲੜਾਈ ਝਗੜਿਆਂ ਨਾਲ ਕਰਦਾ ਹੈ। ਤਿਉਹਾਰ ਮਨਾਉਣਾ ਕਲੀਸਿਆ ਦੀ ਮੰਡਲੀ, ਕਲੀਸਿਆ ਦੀ ਬੰਦਗੀ ਅਤੇ ਕਲੀਸਿਆ ਦੇ ਜੀਵਨ ਵਿੱਚ ਭਾਗੀਦਾਰ ਬਣਨਾ ਸੀ। ਤਿਉਹਾਰ ਨੂੰ ਮਨਾਉਣ ਦਾ ਮੁੱਖ ਉਦੇਸ਼ ਸੀ ਸਥਾਨਕ ਕਲੀਸਿਆ ਦੀ ਏਕਤਾ ਜਿਵੇਂ ਕਿ ਆਮ ਇਕਰਾਰ, ਪਵਿੱਤਰਤਾਈ ਦੇ ਪ੍ਰਤੀ ਸਮਰਪਣ, ਆਸ ਅਤੇ ਸੰਗਤੀ ਤੋਂ ਪਰਗਟ ਹੁੰਦਾ ਸੀ।

ਪਸਾਹ ਦੇ ਸਮੇਂ ਦੀ ਪਤੀਰੀ ਰੋਟੀ ਮਸੀਹੀ ਅਤੇ ਗੈਰ-ਯਹੂਦੀ ਜਸ਼ਨਾਂ ਵਿਚਕਾਰ ਤੁਲਨਾ ਨੂੰ ਦਰਸਾਉਂਦੀ ਸੀ। ਪਤੀਰੀ ਰੋਟੀ **ਨਿਸ਼ਕਪਟਤਾ ਅਤੇ ਸਚਿਆਈ ਦੀ ਪਤੀਰੀ ਰੋਟੀ** ਦੀ ਤੰਦਰੁਸਤੀ ਵਿੱਚ **ਬੁਰਿਆਈ ਅਰ ਦੁਸ਼ਟਪੁਣੇ** ਦੇ ਨਿਵੇਸ਼ ਦੇ ਲਈ ਇੱਕ ਰੂਪਕ ਸੀ। ਉਹ ਮਨੁੱਖ ਜਿਹੜਾ ਆਪਣੇ ਪਿਉ ਦੀ ਤੀਵੀਂ ਨਾਲ ਰਹਿ ਰਿਹਾ ਸੀ ਜੀਵਨ ਦੇ ਪੁਰਾਣੇ ਭ੍ਰਿਸ਼ਟ ਰਾਹਾਂ ਦੇ ਲਈ ਵੀ ਉਚਿਤ ਨਹੀਂ ਸੀ ਅਤੇ ਨਵੇਂ ਜੀਵਨ ਦੇ ਪਤੀਰੀ ਰੋਟੀ ਵਾਲੇ ਰਾਹਾਂ ਦੇ ਲਈ ਤਾਂ ਇਹ ਬਿਲਕੁਲ ਅਸੰਭਵ ਸੀ। "ਖਮੀਰ" ਦਾ ਖ਼ਤਰਾ ਅਤੇ "ਤਿਉਹਾਰ ਮਨਾਉਣ" ਦਾ ਵਿਚਾਰ ਇੱਕ ਥਾਂ ਇਕੱਠੀ ਹੋਈ ਕਲੀਸਿਆ ਤੇ ਲਾਗੂ ਕੀਤਾ ਗਿਆ ਹੈ। ਸੀਮੈਂਟ ਜਿਹੜਾ ਮਸੀਹੀ ਲੋਕਾਂ ਨੂੰ ਇੱਕ ਸਮਾਜ ਦੇ ਰੂਪ ਵਿੱਚ ਇਕੱਠਿਆਂ ਕਰਕੇ ਰੱਖਦਾ ਹੈ ਇੱਕ ਲਗਾਤਾਰ ਸੰਗਤੀ ਹੈ। ਪੌਲੁਸ ਨੇ ਇਸ ਦਾ ਹਵਾਲਾ ਇਨ੍ਹਾਂ ਵਾਕਾਂ ਵਿੱਚ ਦਿੱਤਾ, "ਜਦੋਂ ਤੁਸੀਂ ਇਕੱਠੇ ਹੋਏ" (5:5), "ਜਿਸ ਵੇਲੇ ਤੁਸੀਂ ਕਲੀਸਿਆ ਵਿੱਚ ਇਕੱਠੇ ਹੁੰਦੇ ਹੋ" (11:18) ਅਤੇ "ਜੇ ਸਾਰੀ

ਕਲੀਸਿਆ ਇੱਕ ਥਾਂ ਇਕੱਠੀ ਹੋਵੇ” (14:23)।

“ਨਿਸ਼ਕਪਟਤਾ ਅਤੇ ਸਚਿਆਈ ਦੀ ਪਤੀਰੀ ਰੋਟੀ” ਨੂੰ ਜਦੋਂ ਮੰਡਲੀ ਦੇ ਜਸ਼ਨ ਮਨਾਉਣ ਨੂੰ “ਤਿਉਹਾਰ” ਦੇ ਨਾਲ ਜੋੜਿਆ ਗਿਆ ਤਾਂ ਸੰਭਵ ਤੌਰ ਤੇ ਇਹ ਪੌਲੁਸ ਅਤੇ ਉਸ ਦੇ ਪਾਠਕਾਂ ਦੇ ਮਨਾਂ ਵਿੱਚ ਪ੍ਰਭੂ ਭੋਜ ਨੂੰ ਲੈ ਕੇ ਆਇਆ ਹੋਵੇਗਾ। ਰਸੂਲ ਉਸ ਧਰਮੀ ਜੀਵਨ-ਸ਼ੈਲੀ ਦੀ ਤੁਲਨਾ ਜਿਹੜੀ “ਤਿਉਹਾਰ” ਨੂੰ ਮਨਾਉਣ ਤੋਂ ਆਉਂਦੀ ਹੈ ਉਨ੍ਹਾਂ ਕੁਝ ਵਿਹਾਰਾਂ ਨਾਲ ਕਰਨਾ ਚਾਹੁੰਦਾ ਹੋਵੇਗਾ ਜਿਨ੍ਹਾਂ ਦਾ ਪਾਲਣ ਗੈਰ-ਯਹੂਦੀ ਤਿਉਹਾਰਾਂ ਵਿੱਚ ਕੀਤਾ ਜਾਂਦਾ ਸੀ। ਪ੍ਰਾਚੀਨ ਲੇਖਕਾਂ ਨੇ ਉਸ ਲੁੱਚਪੁਣੇ ਦੇ ਬਾਰੇ ਲਿਖਿਆ ਜਿਸ ਦਾ ਸੰਬੰਧ ਦੇਵੀ ਦੇਵਤਿਆਂ ਨੂੰ ਆਦਰ ਦੇਣ ਵਾਲੇ ਤਿਉਹਾਰਾਂ ਨਾਲ ਸੀ।[4] “ਸਾਡਾ ਤਿਉਹਾਰ” ਅਤੇ “ਉਨ੍ਹਾਂ ਦੇ ਤਿਉਹਾਰਾਂ” ਵਿਚਕਾਰ ਅੰਤਰ ਨੇ ਪੌਲੁਸ ਦੇ ਲਈ ਉਨ੍ਹਾਂ ਭਰਾਵਾਂ ਨੂੰ ਉਹ ਧਰਮੀ ਲੋਕ ਬਣਨ ਦੀ ਚੁਣੌਤੀ ਦੇਣ ਦੇ ਲਈ ਇੱਕ ਉਦਾਹਰਣ ਦੇ ਰੂਪ ਵਿੱਚ ਕੰਮ ਕੀਤਾ ਜੋ ਮਸੀਹ ਦਾ ਤਿਉਹਾਰ ਉਸ ਦੇ ਪਿੱਛੇ ਚੱਲਣ ਵਾਲਿਆਂ ਨੂੰ ਬਣਨ ਦੇ ਲਈ ਬੁਲਾਉਂਦਾ ਹੈ। ਇਸ ਹਵਾਲੇ ਵਿੱਚ ਪ੍ਰਭੂ ਭੋਜ ਵਿੱਚ ਪਤੀਰੀ ਰੋਟੀ ਦੀ ਵਰਤੋਂ ਇਸੇ ਵੱਲ ਸੰਕੇਤ ਕਰਦੀ ਹੈ। ਨਵਾਂ ਨੇਮ ਸਿੱਧੇ ਤੌਰ ਤੇ ਪਤੀਰੀ ਰੋਟੀ ਦੇ ਪ੍ਰਭੂ ਵਿੱਚ ਵਰਤੇ ਜਾਣ ਦਾ ਕਿਤੇ ਵੀ ਜ਼ਿਕਰ ਨਹੀਂ ਕਰਦਾ। ਫਿਰ ਵੀ, ਇਹ ਰੀਤ ਯਿਸੂ ਨੇ ਪਸਾਹ ਦੇ ਸਮੇਂ ਦੌਰਾਨ ਸ਼ੁਰੂ ਕੀਤੀ ਸੀ, ਇੱਕ ਅਜਿਹਾ ਸਮਾਂ ਜਦੋਂ ਯਹੂਦੀ ਲੋਕ ਸਿਰਫ ਪਤੀਰੀ ਰੋਟੀ ਦੀ ਵਰਤੋਂ ਕਰਦੇ ਸਨ (ਕੂਚ 12:8)।

## ਨਿਰਦੇਸ਼ ਨੂੰ ਸਪੱਸ਼ਟ ਕਰਨਾ (5:9-13)

ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਉਸ ਮਨੁੱਖ ਸੰਬੰਧੀ ਜਿਹੜਾ ਆਪਣੇ ਪਿਉ ਦੀ ਤੀਵੀਂ ਨਾਲ ਰਹਿ ਰਿਹਾ ਸੀ ਸੁਧਾਰਣ ਅਤੇ ਪ੍ਰੇਰਣਾ ਦੇਣ ਲਈ, ਪੌਲੁਸ ਨੇ ਆਪਣੀ ਪਿਛਲੀ ਪੱਤ੍ਰੀ ਦਾ ਹਵਾਲਾ ਦਿੱਤਾ ਜੋ ਉਸ ਨੇ ਉਨ੍ਹਾਂ ਨੂੰ ਲਿਖੀ ਸੀ। ਪਰਤੱਖ ਰੂਪ ਵਿੱਚ, ਉਨ੍ਹਾਂ ਨੂੰ ਉਸ ਗੱਲ ਦੇ ਬਾਰੇ ਗਲਤਫਹਿਮੀ ਸੀ ਜਿਸ ਦੀ ਚਰਚਾ ਇਸ ਵਿੱਚ ਕੀਤੀ ਗਈ ਸੀ। ਕਿਉਂਕਿ ਉਨ੍ਹਾਂ ਦੀ ਗਲਤਫਹਿਮੀ ਦਾ ਮੌਜੂਦਾ ਸਥਿਤੀ ਤੇ ਕੁਝ ਅਸਰ ਸੀ, ਇਸੇ ਲਈ ਰਸੂਲ ਨੇ ਆਪਣੀ ਚਿਤਾਵਨੀ ਦੀ ਵਿਆਖਿਆ ਕੀਤੀ ਸੀ। ਉਸ ਨੇ ਇਹ ਜ਼ੋਰ ਦਿੱਤਾ ਸੀ ਕਿ ਉਸ ਦੀ ਪਿਛਲੀ ਪੱਤ੍ਰੀ ਉਸ ਦੇ ਵਰਤਮਾਨ ਹੁਕਮ ਦੇ ਸਮਾਨ ਸੀ ਕਿ ਕਲੀਸਿਆ ਨੂੰ ਇਸ ਦੇ ਮੈਂਬਰਾਂ ਵਿੱਚ ਹਰਾਮਕਾਰੀ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੀਦਾ।

**9ਮੈਂ ਆਪਣੀ ਪੱਤ੍ਰੀ ਵਿੱਚ ਤੁਹਾਨੂੰ ਇਹ ਲਿਖਿਆ ਜੋ ਹਰਾਮਕਾਰੀ ਦੀ ਸੰਗਤ ਨਾ
ਕਰਨੀ। 10ਇਹ ਨਹੀਂ ਜੋ ਮੂਲੋਂ ਜਗਤ ਦੇ ਹਰਾਮਕਾਰਾਂ ਅਥਵਾ ਲੋਭੀਆਂ ਅਤੇ ਲੁਟੇਰਿਆਂ
ਅਰਥਾ ਮੂਰਤੀ ਪੂਜਕਾਂ ਦੀ ਸੰਗਤ ਨਾ ਕਰਨੀ, ਨਹੀਂ ਤਾਂ ਫੇਰ ਤੁਹਾਨੂੰ ਜਗਤ ਵਿੱਚੋਂ
ਨਿੱਕਲਣਾ ਹੀ ਪੈਂਦਾ। 11ਪਰ ਹੁਣ ਤਾਂ ਤੁਹਾਨੂੰ ਇਹ ਲਿਖਿਆ ਕਿ ਜੇ ਕੋਈ ਭਰਾ ਸਦਾ ਕੇ
ਹਰਾਮਕਾਰ ਯਾ ਲੋਭੀ ਯਾ ਮੂਰਤੀ ਪੂਜਕ ਯਾ ਗਾਲ੍ਹਾਂ ਕੱਢਣ ਵਾਲਾ, ਸ਼ਰਾਬੀ ਅਥਵਾ
ਲੁਟੇਰਾ ਹੋਵੇ ਤਾਂ ਉਹ ਦੀ ਸੰਗਤ ਨਾ ਕਰਨੀ ਸਗੋਂ ਇਹੋ ਜਿਹੇ ਨਾਲ ਰੋਟੀ ਵੀ ਨਾ ਖਾਣੀ।
12ਕਿਉਂ ਜੋ ਮੈਨੂੰ ਕੀ ਲੋੜ ਹੈ ਜੋ ਬਾਹਰਲਿਆਂ ਦਾ ਨਿਆਉਂ ਕਰਾਂ? ਕੀ ਤੁਸੀਂ ਅੰਦਰਲਿਆਂ
ਦਾ ਨਿਆਉਂ ਨਹੀਂ ਕਰਦੇ? 13ਪਰ ਬਾਹਰਲਿਆਂ ਦਾ ਪਰਮੇਸ਼ੁਰ ਨਿਆਉਂ ਕਰਦਾ ਹੈ।
ਤੁਸੀਂ ਉਸ ਕੁਕਰਮੀ ਨੂੰ ਆਪਣੇ ਵਿੱਚੋਂ ਛੇਕ ਦਿਓ।**

**ਆਇਤ 9.** ਪਹਿਲੀ ਪੱਤ੍ਰੀ ਜਿਸ ਦਾ ਪੌਲੁਸ ਨੇ ਜ਼ਿਕਰ ਕੀਤਾ ਸੀ ਨਵੇਂ ਨੇਮ ਵਿੱਚ ਸਾਡੇ ਲਈ ਨਹੀਂ ਰੱਖੀ ਗਈ। ਮਸੀਹੀ ਲੋਕ ਸੰਖੇਪ ਹਵਾਲੇ ਤੋਂ ਵੱਧ ਕੇ ਪੱਤ੍ਰੀ ਦੇ ਬਾਰੇ ਹੋਰ ਕੁਝ ਨਹੀਂ ਜਾਣਦੇ ਜੋ ਇੱਥੇ ਦਿੱਤਾ ਗਿਆ ਹੈ। ਸ਼ਾਇਦ ਪੌਲੁਸ ਨੇ ਇਹ ਅਫ਼ਸੁਸ ਤੋਂ ਲਿਖੀ ਸੀ। ਜੇਕਰ ਇਸ ਤਰ੍ਹਾਂ ਹੈ ਤਾਂ ਇਹ ਪੱਤ੍ਰੀ ਜਿਸ ਨੂੰ ਅਸੀਂ "1 ਕੁਰਿੰਥੀਆਂ" ਕਹਿੰਦੇ ਹਾਂ ਸ਼ਾਇਦ ਪੌਲੁਸ ਦੇ ਅਫ਼ਸੁਸ ਵਿੱਚ ਇੱਕ ਜਾ ਇਸ ਤੋਂ ਵੱਧ ਵਾਰ ਰਹਿਣ ਤੋਂ ਬਾਅਦ ਲਿਖੀ ਗਈ ਹੋਵੇਗੀ। ਪਹਿਲੀ ਪੱਤ੍ਰੀ ਵਿੱਚ, ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਹਰਾਮਾਕਾਰ ਲੋਕਾਂ ਨਾਲ ਆਪਸ ਵਿੱਚ ਨਾ ਮਿਲਣ ਦੀ ਬੇਨਤੀ ਕੀਤੀ ਸੀ, ਜਿਸ ਦਾ ਅਰਥ ਇਹ ਹੈ ਕਿ ਉਨ੍ਹਾਂ ਨੇ ਅਜਿਹੇ ਚਾਲ-ਚਲਣ ਨੂੰ ਸਵੀਕਾਰ ਕਰਨ ਨੂੰ ਹਲਕਾ ਨਹੀਂ ਸੀ ਸਮਝਣਾ। ਉਨ੍ਹਾਂ ਨੇ ਪਾਪ ਨਾਲ ਇੱਕ ਛੋਟੀ ਜਿਹੀ ਗੱਲ ਵਜੋਂ ਵਿਹਾਰ ਨਹੀਂ ਸੀ ਕਰਨਾ। ਪਹਿਲੀਆਂ ਦੋਵਾਂ ਪੱਤ੍ਰੀਆਂ ਅਤੇ 1 ਕੁਰਿੰਥੀਆਂ ਵਿੱਚ, ਪੌਲੁਸ ਰਾਜ ਦੀਆਂ ਹੱਦਾਂ ਬਾਰੇ ਚਿੰਤਤ ਸੀ। ਜਦੋਂ ਕਲੀਸਿਆ ਆਪਣੀ ਸੰਗਤੀ ਨੂੰ ਵਧਾਉਂਦੀ ਹੈ ਤਾਂ ਇਸ ਦਾ ਅਰਥ ਇਹ ਹੈ ਕਿ ਇਹ ਆਪਣੀ ਪਰਵਾਨਗੀ ਨੂੰ ਵਧਾਉਂਦੀ ਹੈ, ਸਗੋਂ ਆਪਣੇ ਅਪਨਾਏ ਜਾਣ ਨੂੰ ਵੀ। ਕਲੀਸਿਆ ਮਸੀਹ ਦੀ ਦੇਹ ਹੈ। ਇਹ ਜਿਸ ਗੱਲ ਦੀ ਪਰਵਾਨਗੀ ਦਿੰਦੀ ਹੈ ਇਸ ਦਾ ਅਰਥ ਇਹ ਹੈ ਕਿ ਇਹ ਮਸੀਹ ਦੀ ਪਰਵਾਨਗੀ ਹੈ। ਕਲੀਸਿਆ ਦੀਆਂ ਹੱਦਾਂ ਨੂੰ ਇਸ ਦੀ ਨਿਹਚਾ ਦੇ ਇਕਰਾਰ ਅਤੇ ਉਸ ਤੋਂ ਅੱਗੇ ਆਉਣ ਵਾਲੇ ਜੀਵਨ ਦੇ ਢੰਗ ਦੁਆਰਾ ਪਰਿਭਾਸ਼ਿਤ ਕੀਤਾ ਜਾਂਦਾ ਹੈ। ਜਦੋਂ ਵਿਸ਼ਵਾਸੀ ਸ਼ਰੇਆਮ **ਹਰਾਮਕਾਰ ਲੋਕਾਂ ਨਾਲ ਸੰਗਤੀ ਕਰਦੇ ਹਨ**, ਕਿਤੇ ਨਾ ਕਿਤੇ ਜਾ ਕੇ ਉਹ ਸਮੂਹ ਉਹ ਕਲੀਸਿਆ ਨਹੀਂ ਰਹਿੰਦਾ ਹੈ ਜੋ ਮਸੀਹ ਦੀ ਹੈ।

ਰਸੂਲ ਦਾ ਪਿਛਲੀ ਪੱਤ੍ਰੀ ਦਾ ਹਵਾਲਾ ਦੇਣਾ ਇਸ ਦੇ ਲਿਖੇ ਜਾਣ ਪਿੱਛੇ ਦੀ ਪ੍ਰੇਰਣਾ ਅਤੇ ਕੈਨਨ ਤੇ ਸਵਾਲ ਖੜ੍ਹੇ ਕਰਦਾ ਹੈ। ਕੀ ਉਹ ਸਭ ਕੁਝ ਜੋ ਰਸੂਲ ਨੇ ਲਿਖਿਆ ਸੀ ਪਵਿੱਤਰ ਆਤਮਾ ਦੀ ਪ੍ਰੇਰਣਾ ਨਾਲ ਲਿਖਿਆ ਸੀ? ਕਿਉਂ ਉਸ ਦੀਆਂ ਕੁਝ ਹੀ ਪੱਤ੍ਰੀਆਂ ਨੂੰ ਨਵੇਂ ਨੇਮ ਵਿੱਚ ਸ਼ਾਮਲ ਕੀਤਾ ਗਿਆ ਸੀ, ਪਰ ਸਾਰੀਆਂ ਪੱਤ੍ਰੀਆਂ ਨੂੰ ਨਹੀਂ? ਜਦਕਿ ਕਿਸੇ ਵਿਅਕਤੀ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਹ ਸਾਰੇ ਸਵਾਲਾਂ ਦੇ ਨਿਸ਼ਚਤ ਜਵਾਬ ਦੇ ਸਕਦਾ ਹੈ, ਕੁਝ ਤੱਥ ਸਪੱਸ਼ਟ ਹਨ: (1) ਪਤਰਸ, ਪੌਲੁਸ, ਲੂਕਾ, ਯੂਹੰਨਾ ਅਤੇ ਨਵੇਂ ਨੇਮ ਦੇ ਹੋਰਨਾਂ ਲੇਖਕਾਂ ਨੇ ਸੰਭਵ ਤੌਰ ਤੇ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਲਿਖੀਆਂ ਸਨ ਜੋ ਲਿਖਤਾਂ ਦਾ ਹਿੱਸਾ ਨਹੀਂ ਬਣੀਆਂ। (2) ਪਵਿੱਤਰ ਆਤਮਾ ਨੇ ਮਸੀਹ ਦੇ ਰਸੂਲ ਅਤੇ ਪਰਮੇਸ਼ੁਰ ਦੇ ਵੱਲੋਂ ਪ੍ਰੇਰਣਾ ਪ੍ਰਾਪਤ ਕਰਨ ਵਾਲੇ ਹੋਰਨਾਂ ਵਿਅਕਤੀਆਂ ਨੂੰ ਉਨ੍ਹਾਂ ਵੱਲੋਂ ਬੋਲੇ ਅਤੇ ਲਿਖੇ ਗਏ ਵਚਨਾਂ ਵਿੱਚ ਉਨ੍ਹਾਂ ਦੀ ਅਗਵਾਈ ਕੀਤੀ ਸੀ। ਪੌਲੁਸ ਨੇ ਆਪਣੀ ਪਿਛਲੀ ਪੱਤ੍ਰੀ ਦੀ ਗੁਹਾਰ ਲਗਾਈ ਸੀ ਕਿਉਂਕਿ ਇਹ ਉਸ ਦੀ ਮੌਜੂਦਾ ਪੱਤ੍ਰੀ ਜਿੰਨੀ ਹੀ ਅਧਿਕਾਰਕ ਸੀ। (3) ਨਵੇਂ ਨੇਮ ਨੂੰ ਤਿਆਰ ਕਰਨ ਵਿੱਚ ਪਵਿੱਤਰ ਆਤਮਾ ਦੀ ਅਗਵਾਈ ਨੇ ਅਜਿਹੀਆਂ ਰਚਨਾਵਾਂ ਨੂੰ ਇਸ ਦੇ ਵਿੱਚ ਸ਼ਾਮਲ ਕਰਨ ਦੇ ਲਈ ਜਿਸ ਤਰ੍ਹਾਂ ਚਾਹਿਆ ਉਸੇ ਤਰ੍ਹਾਂ ਵਿਸਤਾਰ ਦਿੱਤਾ ਸੀ। ਮਸੀਹੀ ਲੋਕਾਂ ਦੀ ਨਿਹਚਾ ਇਹ ਹੈ ਕਿ ਆਤਮਾ ਨੇ ਨਾ ਸਿਰਫ ਵੱਖ-ਵੱਖ ਤਰ੍ਹਾਂ ਦੇ ਦਸਤਾਵੇਜ਼ਾਂ ਦੇ ਲਿਖੇ ਜਾਣ ਦੀ ਪ੍ਰੇਰਣਾ ਦਿੱਤੀ ਜੋ ਮਿਲ ਕੇ ਨਵੇਂ ਨੇਮ ਨੂੰ ਬਣਾਉਂਦੇ ਹਨ, ਪਰ ਉਸ ਨੇ ਕਲੀਸਿਆ ਦੇ ਅੰਦਰ ਅਤੇ ਬਾਹਰ ਵੀ ਕੰਮ ਕੀਤਾ ਤਾਂ ਕਿ ਇਨ੍ਹਾਂ ਦਸਤਾਵੇਜ਼ਾਂ ਨੂੰ ਅੱਗੇ ਆਉਣ ਵਾਲੇ ਯੁੱਗਾਂ ਤੀਕ ਵਿਸ਼ਵਾਸੀਆਂ ਦੀ ਅਗਵਾਈ ਦੇ ਲਈ ਸੰਭਾਲ ਕੇ ਰੱਖਿਆ ਜਾਵੇ। (4) ਕੈਨਨ ਬੰਦ ਹੋ ਚੁੱਕੀ ਹੈ। ਜੇਕਰ ਅੱਜ ਕੋਈ ਦਸਤਾਵੇਜ਼ ਸਾਹਮਣੇ ਆਉਂਦਾ ਹੈ ਅਤੇ ਇਸ ਨੂੰ ਪੌਲੁਸ ਜਾਂ ਯੂਹੰਨਾ ਦੁਆਰਾ ਲਿਖੇ ਗਏ ਵਜੋਂ ਪਛਾਣਿਆ ਜਾਂਦਾ ਹੈ, ਤਾਂ ਇਸ ਨੂੰ

ਨਵੇਂ ਨੇਮ ਦੇ ਹਿੱਸੇ ਦੇ ਰੂਪ ਵਿੱਚ ਨਹੀਂ ਵੇਖਿਆ ਜਾਵੇਗਾ। ਪਵਿੱਤਰ ਆਤਮਾ ਨੇ ਕੈਨਨ ਨੂੰ ਪਰਿਭਾਸ਼ਿਤ ਕਰਨ ਵਿੱਚ ਪਹਿਲਾਂ ਹੀ ਆਪਣਾ ਕੰਮ ਕਰ ਦਿੱਤਾ ਹੈ।

**ਆਇਤ 10.** ਨੈਤਿਕ ਸ਼ੁੱਧਤਾ ਲਈ ਮੰਗ ਦੀ ਵਿਆਖਿਆ ਪਰਤੱਖ ਰੂਪ ਵਿੱਚ ਸੰਸਾਰ ਤੋਂ ਪੂਰੀ ਤਰ੍ਹਾਂ ਅੱਡ ਹੋਣ ਦੀ ਮੰਗ ਵਜੋਂ ਕੀਤੀ ਗਈ ਸੀ। ਸ਼ਾਇਦ ਪੌਲੁਸ ਦੇ ਦੁਸ਼ਮਣਾਂ ਨੇ ਉਸ ਦੀ ਨਸੀਹਤ ਨੂੰ ਐਸੇ ਪ੍ਰਮਾਣ ਵਜੋਂ ਪੇਸ਼ ਕੀਤਾ ਸੀ ਕਿ ਉਹ ਜੀਵਨ ਜੀਉਣ ਦੇ ਇੱਕ ਅਵਿਹਾਰਕ ਢੰਗ ਦੀ ਮੰਗ ਕਰ ਰਿਹਾ ਸੀ। ਰਸੂਲ ਨੇ 5:9-13 ਵਿੱਚ ਆਪਣੀ ਹਿਦਾਇਤ ਨੂੰ ਸਪੱਸ਼ਟ ਕੀਤਾ।

ਉਸ ਨੇ ਕਿਹਾ, ਇੱਕ ਮਸੀਹੀ ਵਿਅਕਤੀ **ਇਸ ਜਗਤ ਦੇ ਹਰਾਮਕਾਰ ਲੋਕਾਂ ਨਾਲ** ਸਾਰੇ ਸੰਪਰਕ ਤੋਂ ਬਚ ਨਹੀਂ ਸਕਦਾ। ਇਸ ਤੋਂ ਬਚਣ ਦੇ ਲਈ ਉਸ ਨੂੰ **ਜਗਤ ਵਿੱਚੋਂ ਨਿੱਕਲਣਾ** ਪਵੇਗਾ। ਫਿਰ ਵੀ, ਮਸੀਹੀ ਲੋਕਾਂ ਕੋਲ ਉਸ ਕਿਸਮ ਦੇ ਚਾਲ-ਚਲਣ ਬਾਰੇ ਕਹਿਣ ਦੇ ਲਈ ਕੁਝ ਹੈ ਜਿਸ ਤਰ੍ਹਾਂ ਦੇ ਚਾਲ-ਚਲਣ ਦੀ ਉਹ ਪ੍ਰਭੂ ਦੀ ਦੇਹ ਦੇ ਅੰਦਰ ਸਿਫਾਰਿਸ਼ ਕਰਦੇ ਹਨ, ਜਾਂ ਘੱਟੋ-ਘੱਟ ਬਰਦਾਸ਼ਤ ਕਰਦੇ ਹਨ। ਰਸੂਲ ਨੇ **ਲੋਭੀਆਂ ਅਤੇ ਲੁਟੇਰਿਆਂ** [ਅਤੇ] **ਮੂਰਤੀ ਪੂਜਕਾਂ** ਨੂੰ ਸ਼ਾਮਲ ਕਰਨ ਦੇ ਲਈ ਸੂਚੀ ਨੂੰ ਵਿਸਤਾਰ ਦਿੱਤਾ ਤਾਂ ਜੋ ਉਸ ਦੇ ਪਾਠਕ ਇਹ ਨਾ ਸੋਚਣ ਕਿ ਹਰਾਮਕਾਰੀ ਦੂਜੇ ਪਾਪਾਂ ਨਾਲੋਂ ਕਿਸੇ ਵੱਖਰੀ ਪ੍ਰਣਾਲੀ ਵਿੱਚ ਸੀ। ਪਾਪ ਜਿਨ੍ਹਾਂ ਬਾਰੇ ਉਸ ਨੇ ਇੱਕ-ਇੱਕ ਕਰਕੇ ਦੱਸਿਆ ਉਨ੍ਹਾਂ ਦਾ ਉਸ ਮਨੁੱਖ ਨਾਲ ਸਿੱਧਾ ਸੰਬੰਧ ਪ੍ਰਤੀਤ ਨਹੀਂ ਹੁੰਦਾ ਜਿਹੜਾ ਆਪਣੇ ਪਿਉ ਦੀ ਤੀਵੀਂ ਨਾਲ ਰਹਿ ਰਿਹਾ ਸੀ।

ਪਿਛਲੇ ਸਮਿਆਂ ਤੋਂ ਹੀ ਲਗਾਤਾਰ ਇੱਕ ਅਵਾਜ਼ ਇਹ ਦਲੀਲ ਦਿੰਦੀ ਆ ਰਹੀ ਹੈ ਕਿ ਮਸੀਹੀ ਲੋਕ ਇਕਾਂਤ ਸਮਾਜਾਂ ਵਿੱਚ ਆਪਣੇ ਆਪ ਨੂੰ ਵੱਖਰਿਆਂ ਕਰਨ, ਜਗਤ ਤੋਂ ਆਪਣੇ ਆਪ ਨੂੰ ਵੱਖਰਿਆਂ ਕਰਨ ਦੇ ਲਈ ਬਿਹਤਰ ਕਰਨਗੇ ਤਾਂ ਕਿ ਪਵਿੱਤਰਤਾਈ ਰਾਜ ਕਰ ਸਕੇ। ਉਸ ਵਿਚਾਰ ਦੇ ਪ੍ਰਤੀ ਜਵਾਬ ਮੱਠਾਂ ਜਾਂ ਜ਼ਨਾਨਾਂ ਮੱਠਾਂ ਵਿੱਚ ਵੇਖਿਆ ਗਿਆ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਅੱਡ ਹੋਣ ਨਾਲੋਂ ਵੀ ਜ਼ਿਆਦਾ ਔਖਾ ਕੰਮ ਦਿੱਤਾ ਸੀ। ਉਸ ਨੇ ਉਨ੍ਹਾਂ ਨੂੰ ਜਗਤ ਵਿੱਚ ਜਾ ਕੇ ਪਾਪੀ ਲੋਕਾਂ ਨੂੰ ਸਿੱਖਿਆ ਦੇਣ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਆਪਣੀ ਪਵਿੱਤਰਤਾਈ ਨੂੰ ਬਰਕਰਾਰ ਰੱਖਦੇ ਹੋਏ ਨਿਹਚਾ ਅਤੇ ਭਲਿਆਈ ਨਾਲ ਪ੍ਰਭਾਵਿਤ ਕਰਨ ਦਾ ਨਿਰਦੇਸ਼ ਦਿੱਤਾ ਸੀ। ਕਲੀਸੀਆਂ ਕੰਧਾਂ ਦੇ ਪਿੱਛੇ ਲੁਕਣ ਦੁਆਰਾ ਆਪਣੇ ਆਪ ਨੂੰ ਜਗਤ ਤੋਂ ਵੱਖ ਨਹੀਂ ਕਰ ਸਕਦੀ। ਪਤਾਲ ਦੇ ਫਾਟਕਾਂ ਨੂੰ ਪਰਮੇਸ਼ੁਰ ਦੀ ਉਗਰਵਾਦੀ ਕਲੀਸਿਆ ਤੋਂ ਆਪਣਾ ਬਚਾਅ ਕਰਨਾ ਪਵੇਗਾ (ਮੱਤੀ 16:18)। ਮਸੀਹੀ ਲੋਕਾਂ ਨੇ ਉਨ੍ਹਾਂ ਤੋਂ ਬਚਣਾ ਹੈ ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ; ਸਾਨੂੰ ਪਾਪ ਵਿੱਚ ਕੈਦ ਲੋਕਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਅਜ਼ਾਦੀ ਅਤੇ ਜੀਵਨ ਦੇ ਰਾਹ ਤੇ ਲੈ ਕੇ ਆਉਣਾ ਚਾਹੀਦਾ ਹੈ।

**ਆਇਤ 11.** ਪਿਛਲੀ ਪੱਤ੍ਰੀ ਵਿੱਚ, ਪੌਲੁਸ ਨੇ ਵਿਸ਼ਵਾਸੀਆਂ ਨੂੰ ਜਗਤ ਨਾਲ ਜ਼ਰੂਰੀ ਤੌਰ ਤੇ ਰਾਬਤਾ ਕਾਇਮ ਕਰਨ ਬਾਰੇ ਨਿਰਦੇਸ਼ ਨੂੰ ਸ਼ਾਮਲ ਨਹੀਂ ਸੀ ਕੀਤਾ। ਯਿਸੂ ਨੇ ਆਪਣੀ ਸਿੱਖਿਆ ਵਿੱਚ ਇਸ ਤਰ੍ਹਾਂ ਕੀਤਾ ਸੀ: ਜਿੱਥੇ ਕਿਤੇ ਉਹ ਰਹਿੰਦੇ ਸਨ, ਉਸ ਦੇ ਚੇਲਿਆਂ ਨੂੰ ਉਨ੍ਹਾਂ ਦੇ ਲਈ ਚਾਨਣ ਕਿਹਾ ਗਿਆ ਸੀ ਜਿਹੜੇ ਅੰਨ੍ਹੇ ਸਨ, ਇੱਕ ਨਗਰ ਕਿਹਾ ਗਿਆ ਸੀ ਜਿਹੜਾ ਪਹਾੜ ਤੇ ਵੱਸਿਆ ਹੈ (ਮੱਤੀ 5:14)। ਪੌਲੁਸ ਦੀ ਪਿਛਲੀ ਪੱਤ੍ਰੀ ਨੇ ਗੈਰ-ਵਿਸ਼ਵਾਸੀਆਂ ਨੂੰ ਸੰਬੋਧਿਤ ਨਹੀਂ ਸੀ ਕੀਤਾ। ਬਜਾਇ ਇਸ ਦੇ, ਉਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਕਿਸੇ ਵੀ **ਕਥਿਤ ਭਰਾ ਨਾਲ ਕੋਈ ਸੰਬੰਧ ਨਾ ਰੱਖਣ ਦੀ ਹਦਾਇਤ**

**ਦਿੱਤੀ ਸੀ ਜੇਕਰ ਉਹ ਹਰਾਮਕਾਰ ਹੈ**। ਜਿਵੇਂ ਉਸ ਨੇ ਪਹਿਲਾਂ ਕੀਤਾ ਸੀ, ਪੌਲੁਸ ਨੇ **ਲੋਭੀ**, **ਯਾ ਮੂਰਤੀ ਪੂਜਕ**, **ਯਾ ਗਾਲਾਂ ਕੱਢਣ ਵਾਲਾ**, **ਸ਼ਰਾਬੀ ਅਥਵਾ ਲੁਟੇਰੇ** ਨੂੰ ਸ਼ਾਮਲ ਕਰਨ ਦੇ ਦੁਆਰਾ ਹਰਾਮਕਾਰ ਦੀ ਹੱਦ ਨੂੰ ਵਧਾਇਆ। ਵਫ਼ਾਦਾਰ ਮਸੀਹੀ ਵਿਅਕਤੀ ਨੇ ਅਜਿਹੇ "ਭਰਾ" ਨਾਲ **ਰੋਟੀ ਵੀ ਨਹੀਂ ਸੀ ਖਾਣੀ** ਜਿਹੜਾ ਇਹੋ ਜਿਹੇ ਪਾਪਾਂ ਦਾ ਦੋਸ਼ੀ ਸੀ।

ਪੌਲੁਸ ਦਾ ਨਿਰਦੇਸ਼ ਉਨ੍ਹਾਂ ਦੋਸ਼ਾਂ ਸੰਬੰਧੀ ਕਈ ਸਵਾਲ ਖੜ੍ਹੇ ਕਰਦਾ ਹੈ ਜੋ ਯਿਸੂ ਦੇ ਦੁਸ਼ਮਣਾਂ ਦੁਆਰਾ ਉਸ ਦੇ ਵਿਰੁੱਧ ਲਗਾਏ ਗਏ ਸਨ। ਫ਼ਰੀਸੀਆਂ ਨੇ ਚੇਲਿਆਂ ਨੂੰ ਪੁੱਛਿਆ, "ਤੁਹਾਡਾ ਗੁਰੂ ਮਸੂਲੀਆਂ ਅਤੇ ਪਾਪੀਆਂ ਦੇ ਨਾਲ ਕਿਉਂ ਖਾਂਦਾ ਹੈ?" (ਮੱਤੀ 9:11)। ਕੀ ਉਹ ਪਾਪੀ ਲੋਕ ਜਿਹੜੇ ਯਿਸੂ ਦੇ ਨਾਲ ਮੇਜ਼ ਉੱਤੇ ਬੈਠੇ ਸਨ ਉਨ੍ਹਾਂ ਕੋਲ ਪਰਮੇਸ਼ੁਰ ਦੇ ਲੋਕ ਬਣਨ ਦਾ ਮੌਕਾ ਸੀ, ਸਗੋਂ ਕੁਰਿੰਥੁਸ ਵਿੱਚ ਕੁਝ ਭਰਾ ਵੀ ਹਰਾਮਾਕਾਰੀ ਤੋਂ ਮੁੜ ਗਏ ਸਨ ਜਦੋਂ ਉਹ ਮਸੀਹੀ ਬਣੇ ਸਨ? ਕੀ ਯਿਸੂ ਨੇ ਉਨ੍ਹਾਂ ਦੇ ਜੀਉਣ ਦੇ ਢੰਗ ਨੂੰ ਉਤਸ਼ਾਹਿਤ ਕੀਤਾ? ਇੱਕ ਮਸੀਹੀ ਵਿਅਕਤੀ ਦੇ ਲਈ ਸਮਾਜਕ ਤੌਰ ਤੇ ਉਸ ਦੇ ਨਾਲ ਸੰਬੰਧ ਰੱਖਣਾ ਜਿਹੜਾ ਆਪਣੇ ਆਪ ਨੂੰ ਇੱਕ ਵਿਸ਼ਵਾਸੀ ਕਹਿੰਦਾ ਹੈ ਪਰ ਫਿਰ ਵੀ ਖੁੱਲ੍ਹੇ ਆਮ ਪਰਮੇਸ਼ੁਰ ਦੀ ਇੱਛਾ ਦੇ ਵਿਰੁੱਧ ਜੀਵਨ ਜੀਉਂਦਾ ਹੈ ਸਹੀ ਹੈ ਜਾਂ ਨਹੀਂ ਹੈ ਮਸੀਹੀ ਵਿਅਕਤੀ ਦੇ ਉਦੇਸ਼ਾਂ ਤੇ ਨਿਰਭਰ ਕਰਦਾ ਹੈ। ਜੇਕਰ ਇੱਕ ਵਿਅਕਤੀ ਦਾ ਉਦੇਸ਼ ਪਾਪੀ ਵਿਅਕਤੀ ਤੱਕ ਪਰਮੇਸ਼ੁਰ ਦੇ ਪ੍ਰੇਮ ਨਾਲ ਪਹੁੰਚਣਾ ਅਤੇ ਉਸ ਨੂੰ ਤੋਬਾ ਕਰਨ ਦੀ ਬੇਨਤੀ ਕਰਨਾ ਹੈ, ਤਾਂ "ਇਹੋ ਜਿਹੇ ਨਾਲ ਰੋਟੀ ਵੀ ਖਾਣੀ" ਪਰਮੇਸ਼ੁਰ ਦੀ ਮਹਿਮਾ ਦੇ ਲਈ ਹੈ। ਫਿਰ ਵੀ, ਕਿਸੇ ਸਮੇਂ, ਅਜਿਹੇ ਵਿਅਕਤੀ ਨਾਲ ਰੋਟੀ ਖਾਣਾ ਜਿਹੜਾ ਪਾਪ ਵਿੱਚ ਰਹਿ ਰਿਹਾ ਹੈ ਪਾਪੀ ਦੇ ਵਿਹਾਰ ਨੂੰ ਅਣਡਿੱਠਾ ਕਰਨਾ ਹੈ। ਘੱਟੋ-ਘੱਟ, ਇਹ ਸੰਭਵ ਤੌਰ ਤੇ ਗੈਰ-ਵਿਸ਼ਵਾਸੀਆਂ ਤੇ ਗਲਤ ਪ੍ਰਭਾਵ ਛੱਡਣਾ ਹੈ। ਜਿਹੜੇ ਲੋਕ ਉਂਝ ਮਸੀਹ ਦੀ ਖੁਸ਼ਖ਼ਬਰੀ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ ਉਹ ਸੰਭਵ ਤੌਰ ਤੇ ਕਲੀਸਿਆ ਤੇ ਇਹ ਦੋਸ਼ ਲਗਾ ਸਕਦੇ ਹਨ ਕਿ ਇਹ ਪਵਿੱਤਰ ਜੀਵਨ ਜੀਉਣ ਦੀ ਗੱਲ ਤਾਂ ਕਰਦੀ ਹੈ, ਪਰ ਇਸ ਤਰ੍ਹਾਂ ਦੀ ਜੀਵਨ-ਸ਼ੈਲੀ ਦੇ ਬਾਰੇ ਆਪ ਗੰਭੀਰ ਨਹੀਂ ਹੈ।

**ਆਇਤ 12.** ਪੌਲੁਸ ਕੁਰਿੰਥੁਸ ਦੀ ਕਲੀਸਿਆ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਉਨ੍ਹਾਂ ਲੋਕਾਂ ਦੇ ਲਈ ਜਿਹੜੇ ਮਸੀਹ ਤੋਂ ਬਾਹਰ ਹਨ ਮਸੀਹੀ ਵਿਅਕਤੀ ਦਾ ਸੰਦੇਸ਼ ਇਹ ਹੈ ਕਿ ਉਹ ਇਹ ਵਿਸ਼ਵਾਸ ਕਰਨ ਕਿ ਯਿਸੂ ਹੀ ਮਸੀਹ, ਪਰਮੇਸ਼ੁਰ ਦਾ ਪੁੱਤਰ ਹੈ; ਆਪਣੇ ਪਾਪਾਂ ਤੋਂ ਤੋਬਾ ਕਰਨ ਅਤੇ ਉਸ ਦੇ ਵਿੱਚ ਬਪਤਿਸਮਾ ਲੈਣ। ਅਲੰਕਾਰਕ ਰੂਪ ਵਿੱਚ ਰਸੂਲ ਨੇ ਪੁੱਛਿਆ, **ਕਿਉਂ ਜੋ ਮੈਨੂੰ ਕੀ ਲੋੜ ਹੈ ਜੋ ਬਾਹਰਲਿਆਂ ਦਾ ਨਿਆਉਂ ਕਰਾਂ?** ਗੈਰ-ਵਿਸ਼ਵਾਸੀ ਦੇ ਵਿਅਕਤੀਗਤ ਪਾਪਾਂ ਦਾ ਨਿਆਉਂ ਕਰਨਾ ਮਸੀਹੀ ਵਿਅਕਤੀ ਦੀ ਜ਼ਿੰਮੇਵਾਰੀ ਨਹੀਂ ਹੈ। ਗੈਰ-ਵਿਸ਼ਵਾਸੀ ਦੀ ਸ਼ਰਾਬ ਪੀਣ ਜਾਂ ਲੋਭ ਦੀ ਆਦਤ ਤੇ ਹਮਲਾ ਕਰਨ ਦੀ ਬਜਾਇ, ਮਸੀਹੀ ਵਿਅਕਤੀ ਦੀ ਉਸ ਨੂੰ ਇਹ ਯਕੀਨ ਦਿਵਾਉਣ ਦੀ ਜ਼ਿੰਮੇਵਾਰੀ ਹੈ ਕਿ ਕੋਈ ਵੀ ਧਰਮੀ ਨਹੀਂ ਹੈ। ਹਰੇਕ ਵਿਅਕਤੀ ਨੂੰ ਮਸੀਹ ਦੀ ਮਾਫ਼ੀ ਅਤੇ ਕਿਰਪਾ ਦੀ ਲੋੜ ਹੈ ਜੋ ਮਸੀਹ ਦੀ ਸਲੀਬ ਤੋਂ ਨਿੱਕਲਦੀ ਹੈ। ਪ੍ਰਭੂ ਸਾਰੇ ਪਾਪੀਆਂ ਨੂੰ ਛੁਟਕਾਰੇ ਦੀ ਮੇਜ਼ ਦੇ ਕੋਲ ਆਉਣ ਦਾ ਸੱਦਾ ਦਿੰਦਾ ਹੈ।

ਇੱਕ ਮਸੀਹੀ ਵਿਅਕਤੀ ਦੇ ਲਈ **ਕਲੀਸਿਆ ਦੇ ਅੰਦਰਲਿਆਂ ਦਾ ਨਿਆਉਂ ਕਰਨਾ** ਇੱਕ ਵੱਖਰੀ ਗੱਲ ਹੈ। ਇਹੋ ਜਿਹੇ ਨਿਆਵਾਂ ਦੀ ਕੋਈ ਲੋੜ ਨਹੀਂ ਹੈ। ਇਹ ਮਸੀਹੀ ਲੋਕਾਂ ਦੇ ਲਈ ਇੱਕ ਦੂਜੇ ਦਿਆਂ ਪਾਪਾਂ ਨੂੰ ਲੱਭਣ ਦੇ ਲਈ ਭਰਾਵਾਂ ਦੀ ਜਾਸੂਸੀ ਕਰਨ ਦੇ ਲਈ

ਬਹਾਨਾ ਨਹੀਂ ਹੈ। ਨਾ ਹੀ ਇਹ ਸਾਨੂੰ ਦੂਜਿਆਂ ਦੇ ਉਦੇਸ਼ਾਂ ਦਾ ਨਿਆਉਂ ਕਰਨ ਦਾ ਹੱਕ ਦਿੰਦਾ ਹੈ (ਮੱਤੀ 7:1, 2; ਯਾਕੂਬ 4:11)। ਫਿਰ ਵੀ, ਇਸ ਦਾ ਅਰਥ ਹੈ ਕਿ ਜਦੋਂ ਇੱਕ ਮੈਂਬਰ ਖੁੱਲ੍ਹੇਆਮ ਪਾਪ ਕਰਦਾ ਅਤੇ ਬਿਨਾਂ ਪਸ਼ਚਾਤਾਪ ਕੀਤੇ ਜੀਵਨ ਗੁਜਾਰਦਾ ਰਹਿੰਦਾ ਹੈ, ਤਾਂ ਸਾਰੇ ਮਸੀਹੀ ਲੋਕਾਂ ਨੇ ਇਹੋ ਜਿਹੇ ਪਾਪੀ ਵਿਹਾਰ ਦੇ ਲਈ ਉਸ ਨੂੰ ਝਿੜਕਣਾ ਹੈ। ਯਹੂਦਾਹ ਨੇ ਵਿਸ਼ਵਾਸੀਆਂ ਨੂੰ ਉਪਦੇਸ਼ ਦਿੱਤਾ ਕਿ "ਕਿੰਨਿਆਂ ਨੂੰ ਅੱਗ ਵਿੱਚੋਂ ਧੂ ਖਿੱਚ ਕੇ ਬਚਾਓ" (ਯਹੂਦਾਹ 23)।

**ਆਇਤ 13.** ਗੈਰ-ਵਿਸ਼ਵਾਸੀਆਂ ਦੇ ਅੱਗੇ ਮਸੀਹ ਦਾ ਪਰਚਾਰ ਕਰਨ ਅਤੇ ਉਨ੍ਹਾਂ ਨੂੰ ਮਸੀਹ ਦੀ ਆਗਿਆ ਦਾ ਪਾਲਣ ਕਰਨ ਦੀ ਬੇਨਤੀ ਕਰਨ ਤੋਂ ਬਾਅਦ, ਮਸੀਹੀ ਲੋਕਾਂ ਨੇ ਆਪਣੇ ਨਿਆਉਂ ਨੂੰ ਮਸੀਹ ਦੇ ਹੱਥਾਂ ਵਿੱਚ ਛੱਡ ਦੇਣਾ ਹੈ। ਇਸ ਦੌਰਾਨ, ਕਲੀਸਿਆ ਨੇ ਆਪਣੇ ਵਿੱਚੋਂ ਕਿਸੇ ਵੀ ਅਜਿਹੇ ਵਿਅਕਤੀ ਨੂੰ ਹਟਾ ਦੇਣਾ ਹੈ ਜਿਹੜਾ ਖੁੱਲ੍ਹੇਆਮ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਵਿੱਚ ਜੀ ਰਿਹਾ ਹੈ। ਰਸੂਲ ਨੇ 5:13 ਵਿੱਚ ਬਿਵਸਥਾ ਸਾਰ 17:7 ਦਾ ਹਵਾਲਾ ਦਿੰਦੇ ਹੋਏ ਇਸ ਹਦਾਇਤ ਤੇ ਜ਼ੋਰ ਦਿੱਤਾ ਸੀ: **ਤੁਸੀਂ ਉਸ ਕੁਕਰਮੀ ਨੂੰ ਆਪਣੇ ਵਿੱਚੋਂ ਛੇਕ ਦਿਓ**।

ਇਸ ਮਾਮਲੇ ਵਿੱਚ ਪੌਲੁਸ ਦੀ ਹਦਾਇਤ ਦਾ ਪਾਲਣ ਕਰਨਾ ਮੁਸ਼ਕਲ ਹੈ ਕਿਉਂਕਿ ਕਲੀਸਿਆ ਨੇ ਇਨ੍ਹਾਂ ਹੀ ਮੈਂਬਰਾਂ ਦਾ ਪਾਲਣ-ਪੋਸ਼ਣ ਕਰਨਾ ਅਤੇ ਉਤਸ਼ਾਹਿਤ ਕਰਨਾ ਹੈ, ਪਾਪੀਆਂ ਨੂੰ ਮਾਫ਼ ਕਰਨਾ ਹੈ ਜਦੋਂ ਉਹ ਤੋਬਾ ਕਰਦੇ ਹਨ ਅਤੇ ਉਨ੍ਹਾਂ ਦੇ ਪ੍ਰਤੀ ਦਿਆਲਗੀ ਅਤੇ ਤਰਸ ਨਾਲ ਕੰਮ ਕਰਨਾ ਹੈ। ਦਿਆਲਗੀ ਅਤੇ ਦਯਾ ਨੂੰ ਕਦੇ ਵੀ ਇੱਕ ਪਾਸੇ ਨਹੀਂ ਰੱਖਿਆ ਜਾ ਸਕਦਾ; ਪਰ ਜਦੋਂ ਇੱਕ ਇਕਰਾਰ ਕੀਤਾ ਹੋਇਆ ਮਸੀਹੀ ਵਿਅਕਤੀ ਪਰਮੇਸ਼ੁਰ ਦੇ ਵਿਰੁੱਧ ਖੁੱਲ੍ਹੇਆਮ ਬਗਾਵਤ ਕਰਦਾ ਰਹਿੰਦਾ ਹੈ, ਤਾਂ ਕਲੀਸਿਆ ਇਹੋ ਜਿਹਾ ਵਿਹਾਰ ਸਵੀਕਾਰ ਨਹੀਂ ਕਰ ਸਕਦੀ। ਭਾਵੇਂ ਇਹ ਕਿੰਨਾ ਵੀ ਮੁਸ਼ਕਲ ਜਾਂ ਖ਼ਤਰਨਾਕ ਹੋਵੇ, ਕਲੀਸਿਆ ਨੇ ਇਨ੍ਹਾਂ ਵਿਗੜੇ ਹੋਏ ਮੈਂਬਰਾਂ ਨੂੰ ਸੁਧਾਰਨਾ ਹੈ।

# ਪ੍ਰਾਸੰਗਿਕਤਾ

### ਸਾਫ਼-ਸਾਫ਼ ਗੱਲਬਾਤ ਕਰਨ ਲਈ ਹਦਾਇਤ

ਹਦਾਇਤਾਂ ਹਮੇਸ਼ਾ ਸਪੱਸ਼ਟ ਨਹੀਂ ਹੁੰਦੀਆਂ। ਮੰਨ ਲਓ ਕਿ ਇੱਕ ਛੋਟੇ ਜਿਹੇ ਬੱਚੇ ਦੀ ਦੁੱਧ ਪੀਣ ਵਾਲੀ ਬੋਤਲ ਤੇ ਇੱਕ ਲੇਬਲ ਲੱਗਾ ਹੈ ਜਿਸ ਤੇ ਲਿਖਿਆ ਹੈ, "ਜਦੋਂ ਬੱਚਾ ਇਸ ਬੋਤਲ ਵਿੱਚੋਂ ਦੁੱਧ ਪੀ ਲੈਂਦਾ ਹੈ, ਤਾਂ ਇਸ ਨੂੰ ਖੋਲ੍ਹ ਕੇ ਚੱਲਦੇ ਪਾਣੀ ਹੇਠ ਰੱਖਣਾ ਚਾਹੀਦਾ ਹੈ। ਜੇਕਰ ਬੱਚਾ ਤਾਜ਼ੇ ਦੁੱਧ ਨਾਲ ਫਲਦਾ ਫੁੱਲਦਾ ਨਹੀਂ ਹੈ, ਤਾਂ ਇਸ ਨੂੰ ਉਬਾਲ ਲੈਣਾ ਚਾਹੀਦਾ ਹੈ।" ਜੇਕਰ ਲੇਖਕ ਦੁਆਰਾ ਪੜਨਾਂਵ "ਇਸ" ਦੇ ਪੂਰਵਗਾਮੀ ਤੇ ਚੰਗੀ ਤਰ੍ਹਾਂ ਧਿਆਨ ਦਿੱਤਾ ਜਾਂਦਾ ਤਾਂ ਬਿਹਤਰ ਸਪੱਸ਼ਟਤਾ (ਅਤੇ ਘੱਟ ਸ਼ਰਮਿੰਦਗੀ) ਹੁੰਦੀ।

ਬਹੁਤ ਸਾਰੇ ਲੋਕ ਇਹ ਟਿੱਪਣੀ ਕਰਨ ਵਿੱਚ ਇੱਕ ਉਲਟ ਦਿਲਾਸਾ ਲੈ ਸਕਦੇ ਹਨ ਕਿ ਰਸੂਲ ਨੂੰ ਵੀ ਕਈ ਵਾਰ ਸਪੱਸ਼ਟਤਾ ਦੇ ਨਾਲ ਸਮੱਸਿਆਵਾਂ ਹੁੰਦੀਆਂ ਸਨ। ਉਸ ਨੇ ਪਰਤੱਖ ਰੂਪ ਵਿੱਚ ਆਪਣੇ ਆਪ ਨੂੰ ਸਪੱਸ਼ਟ ਨਹੀਂ ਸੀ ਕੀਤਾ ਜਦੋਂ ਉਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਹਰਾਮਕਾਰਾਂ ਦੇ ਨਾਲ ਸੰਗਤੀ ਨਾ ਕਰਨ ਦੀ ਹਦਾਇਤ ਦਿੱਤੀ ਸੀ (5:9)। ਚੰਗੇ ਕਾਰਣ ਦੇ ਨਾਲ, ਪੌਲੁਸ ਚਾਹੁੰਦਾ ਸੀ ਕਿ ਕੁਰਿੰਥੁਸ ਦੇ ਲੋਕ ਉਸ ਨੂੰ ਇਹ ਸਪੱਸ਼ਟ ਕਰਨ ਦੇਣ ਕਿ ਉਹ

ਉਨ੍ਹਾਂ ਦੇ ਲਈ ਕੀ ਕਰਨਾ ਚਾਹੁੰਦਾ ਸੀ। ਜੇਕਰ ਗੈਰ-ਕੌਮਾਂ ਲਈ ਥਾਪੇ ਗਏ ਇਸ ਰਸੂਲ ਨੂੰ ਮਸੀਹੀ ਲੋਕਾਂ ਨੂੰ ਧੀਰਜਵਾਨ ਬਣਨ ਲਈ ਕਹਿਣ ਦੀ ਲੋੜ ਸੀ, ਤਾਂ ਜ਼ਰਾ ਜ਼ਿਆਦਾ ਧਿਆਨ ਦਿਓ ਅਤੇ ਉਸ ਨੂੰ ਫੇਰ ਵਿਆਖਿਆ ਕਰਨ ਦਿਓ, ਅੱਜ ਦੇ ਮਸੀਹੀ ਲੋਕ ਨਿਸ਼ਚਤ ਤੌਰ ਤੇ ਐਲਡਰਾਂ ਅਤੇ ਪਰਚਾਕਰਾਂ ਦੇ ਪ੍ਰਤੀ ਉਹੀ ਕਿਰਪਾ ਚੰਗੀ ਤਰ੍ਹਾਂ ਵਿਖਾਉਂਦੇ। ਜ਼ਿਆਦਾਤਰ ਲੋਕ, ਕਿਤੇ ਨਾ ਕਿਤੇ ਸਾਫ਼-ਸਾਫ਼ ਗੱਲਬਾਤ ਕਰਨ ਵਿੱਚ ਅਸਫ਼ਲ ਹੋ ਜਾਂਦੇ ਹਨ।

### ਪਾਪ ਨਾਲ ਨਜਿੱਠਣਾ

ਕਲੀਸਿਆ ਉਦੋਂ ਤਕ ਉਹ ਲੋਕ ਨਹੀਂ ਬਣ ਸਕਦੀ ਜੋ ਨਿਹਚਾ ਦੇ ਆਮ ਇਕਰਾਰ ਦੁਆਰਾ ਪਰਿਭਾਸ਼ਿਤ ਹੁੰਦੇ ਅਤੇ ਜੀਵਨ ਦੇ ਆਮ ਰਾਹ ਦੇ ਪ੍ਰਤੀ ਸਮਰਪਿਤ ਹੁੰਦੇ ਹਨ ਜਦੋਂ ਤੱਕ ਮੰਡਲੀਆਂ ਆਪਣੇ ਮੈਂਬਰਾਂ ਤੇ ਕਿਸੇ ਕਿਸਮ ਦਾ ਅਨੁਸ਼ਾਸਨ ਲਾਗੂ ਨਹੀਂ ਕਰਦੀਆਂ। ਜਦੋਂ ਕੁਰਿੰਥੁਸ ਦੀ ਕਲੀਸਿਆ ਨੇ ਆਪਣੇ ਵਿੱਚ ਉਸ ਮਨੁੱਖ ਨੂੰ ਸਹਿਣ ਕੀਤਾ ਜਿਹੜਾ ਖੁੱਲ੍ਹੇਆਮ ਪਾਪ ਵਿੱਚ ਰਹਿ ਰਿਹਾ ਸੀ, ਉਨ੍ਹਾਂ ਨੇ ਮਸੀਹ ਦੀ ਦੇਹ ਦੀ ਪਵਿੱਤਰਤਾਈ ਨਾਲ ਸਮਝੌਤਾ ਕੀਤਾ ਸੀ। ਕਲੀਸਿਆ ਵਿੱਚ ਅਨੁਸ਼ਾਸਨ ਨੂੰ ਲਾਗੂ ਕਰਨਾ ਸਭ ਤੋਂ ਮੁਸ਼ਕਲ ਗੱਲਾਂ ਵਿੱਚੋਂ ਇੱਕ ਹੈ ਜਿਸ ਦਾ ਮਸੀਹੀ ਸਮਾਜ ਨੂੰ ਸਾਹਮਣਾ ਕਰਨਾ ਪੈਂਦਾ ਹੈ। ਦੋ ਪ੍ਰਕਾਰ ਦੀਆਂ ਕਲੀਸਿਆਵਾਂ ਮੌਜੂਦ ਹਨ: (1) ਉਹ ਜਿਨ੍ਹਾਂ ਨੇ ਕਦੇ ਵੀ ਭਰਾ ਜਾਂ ਭੈਣ ਨੂੰ ਟੋਕਿਆ ਨਹੀਂ ਅਤੇ ਉਸ ਦੇ ਤੋਬਾ ਕਰਨ ਅਤੇ ਬਦਲਣ ਤੇ ਜ਼ੋਰ ਨਹੀਂ ਦਿੱਤਾ ਅਤੇ (2) ਜਿਹੜੀਆਂ ਆਪਣੇ ਵਿੱਚੋਂ ਹੀ ਕਿਸੇ ਮੈਂਬਰ ਨੂੰ ਸੁਧਾਰਣ ਦੇ ਰਾਹੀਂ ਦੋਸ਼ ਦਾ ਸਬੱਬ ਬਣੀਆਂ ਹਨ। ਸ਼ਾਇਦ ਹੀ ਉਲਝਣਾਂ ਤੋਂ ਬਿਨਾਂ ਕਲੀਸਿਆ ਵਿੱਚ ਅਨੁਸ਼ਾਸਨ ਹੁੰਦਾ ਹੈ।

*ਅਨੁਸ਼ਾਸਨ ਨੂੰ ਪ੍ਰਭਾਵਸ਼ਾਲੀ ਬਣਾਉਣ ਦੇ ਲਈ ਇਸ ਨੂੰ ਲਗਾਤਾਰ ਲਾਗੂ ਕੀਤਾ ਜਾਣਾ ਚਾਹੀਦਾ ਹੈ*। ਕਲੀਸਿਆ ਦੇ ਲਈ ਇਸ ਗੱਲ ਦਾ ਕੋਈ ਅਰਥ ਨਹੀਂ ਹੈ ਜੇਕਰ ਉਹ ਇੱਕ ਅਜਿਹੇ ਵਿਅਕਤੀ ਨਾਲ ਸੰਗਤੀ ਰੱਖਣ ਤੋਂ ਇਨਕਾਰ ਕਰ ਦਿੰਦੀ ਹੈ ਜਿਹੜਾ ਲਗਾਤਾਰ ਚਰਚ ਵਿੱਚ ਹਾਜ਼ਰੀ ਭਰਨ ਵਿੱਚ ਵਫ਼ਾਦਾਰ ਨਹੀਂ ਹੈ, ਪਰ ਫਿਰ ਵੀ ਇੱਕ ਅਜਿਹੇ ਪਤੀ ਨਾਲ ਸੰਗਤੀ ਰੱਖਦੀ ਹੈ ਜਿਹੜਾ ਆਪਣੀ ਪਤਨੀ ਨੂੰ ਕੁੱਟਣ ਮਾਰਨ ਲਈ ਪ੍ਰਸਿੱਧ ਹੈ। ਕੀ ਚੋਰੀ ਕਰਨਾ ਲੋਭ ਨਾਲੋਂ ਜ਼ਿਆਦਾ ਗੰਭੀਰ ਪਾਪ ਹੈ? ਕੀ ਸਾਨੂੰ ਉਸ ਵਿਅਕਤੀ ਨਾਲ ਸੰਗਤੀ ਰੱਖਣੀ ਚਾਹੀਦਾ ਹੈ ਜਿਹੜਾ ਝੂਠ ਬੋਲਦਾ ਹੈ ਜਦਕਿ ਚੁਗਲੀਆਂ ਕਰਨ ਵਾਲੇ ਦਾ ਸਵਾਗਤ ਕਰਨਾ ਚਾਹੀਦਾ ਹੈ? ਸਾਰੇ ਮਸੀਹੀ ਲੋਕ ਆਪਣੇ ਜੀਵਨਾਂ ਵਿੱਚ ਪਾਪਾਂ ਨੂੰ ਪਨਾਹ ਦਿੰਦੇ ਹਨ। ਪੌਲੁਸ ਨੇ ਲਿਖਿਆ, "ਕੋਈ ਧਰਮੀ ਨਹੀਂ, ਇੱਕ ਵੀ ਨਹੀਂ" (ਰੋਮੀਆਂ 3:10)। ਇਸ ਵਿੱਚ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ ਕਿ ਮੰਡਲੀਆਂ ਅਤੇ ਮਸੀਹੀ ਆਗੂ ਕਲੀਸਿਆ ਅਨੁਸ਼ਾਸਨ ਦੇ ਮਾਮਲਿਆਂ ਵਿੱਚ ਜੱਦੋ-ਜਹਿਦ ਕਰਦੇ ਹਨ!

*ਅਨੁਸ਼ਾਸਨ ਸਹੀ ਨਿਰਦੇਸ਼ਾਂ ਦੇ ਅਨੁਸਾਰ ਲਾਗੂ ਕੀਤਾ ਜਾਣਾ ਚਾਹੀਦਾ ਹੈ*। ਉਸ ਮਨੁੱਖ ਸੰਬੰਧੀ ਪੌਲੁਸ ਦੇ ਨਿਰਦੇਸ਼ ਜਿਹੜਾ ਆਪਣੇ ਪਿਉ ਦੀ ਤੀਵੀਂ ਨਾਲ ਰਹਿ ਰਿਹਾ ਸੀ ਅਨੁਸ਼ਾਸਨ ਲਈ ਸਹਾਇਕ ਦਿਸ਼ਾ ਨਿਰਦੇਸ਼ ਪ੍ਰਦਾਨ ਕਰਦੇ ਹਨ। ਪਹਿਲੀ ਗੱਲ, ਮਨੁੱਖ ਦੇ ਪਾਪ ਤੋਂ ਸਾਰੇ ਲੋਕ ਜਾਣੂ ਸਨ। ਸਾਰੇ ਪਾਪ ਇੰਨੇ ਜ਼ਿਆਦਾ ਪ੍ਰਸਿੱਧ ਨਹੀਂ ਹੁੰਦੇ। ਕਲੀਸਿਆ ਨੂੰ ਲੋਕਾਂ ਵਿੱਚ ਅਨੁਸ਼ਾਸਨ ਲਾਗੂ ਕਰਨ ਦੀ ਲੋੜ ਹੁੰਦੀ ਹੈ ਜਦੋਂ ਕੋਈ ਭਰਾ ਜਾਂ ਭੈਣ ਸਾਰਿਆਂ ਦੇ ਸਾਹਮਣੇ ਪਾਪ ਕਰਦਾ ਜਾਂ ਕਰਦੀ ਹੈ। ਜਨਤਕ ਪਾਪ ਜਨਤਕ ਜਵਾਬ ਦੀ

ਮੰਗ ਕਰਦਾ ਹੈ।

ਦੂਜਾ, ਮਨੁੱਖ ਦਾ ਪਾਪ ਇਸ ਪ੍ਰਕਾਰ ਦਾ ਸੀ ਕਿ ਇਸ ਨੇ ਗੈਰ-ਮਸੀਹੀ ਲੋਕਾਂ ਦੇ ਸਾਹਮਣੇ ਕਲੀਸਿਆ ਦੀ ਸਾਖ ਨੂੰ ਖਰਾਬ ਕਰ ਦਿੱਤਾ ਸੀ। ਇਸ ਨੇ ਨਿਹਚਾ ਦੀਆਂ ਸ਼ਰਤਾਂ ਨੂੰ ਮਹੱਤਵਹੀਣ ਬਣਾ ਦਿੱਤਾ ਸੀ। ਨਕਾਰਾਤਮਕ ਰੂਪ ਵਿੱਚ ਕਿਹਾ ਜਾਵੇ ਤਾਂ ਮਨੁੱਖ ਦਾ ਪਾਪ ਉਸ ਦੇ ਵੱਲੋਂ ਬੋਲਿਆ ਗਿਆ ਗਲਤ ਸ਼ਬਦ ਨਹੀਂ ਸੀ ਜਦੋਂ ਉਸ ਨੂੰ ਉਕਸਾਇਆ ਗਿਆ, ਨਾ ਹੀ ਇਹ ਪ੍ਰਾਰਥਨਾ ਕਰਨ ਜਾਂ ਬਾਈਬਲ ਪੜ੍ਹਨ ਵਿੱਚ ਉਸ ਦੀ ਅਸਫ਼ਲਤਾ ਸੀ। ਇਹ ਇੱਕ ਅਜਿਹਾ ਪਾਪ ਸੀ ਜਿਸ ਨੂੰ ਕੁਧਰਮੀ ਲੋਕ ਵੀ ਬੁਰਾ ਸਮਝਦੇ ਸਨ। ਤੀਜਾ, ਉਹ ਮਨੁੱਖ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸੀ ਕਿ ਉਸ ਦੇ ਵਿਹਾਰ ਦਾ ਪਰਮੇਸ਼ੁਰ ਦੀ ਇੱਛਾ ਦੇ ਨਾਲ ਕੋਈ ਮੇਲ ਨਹੀਂ ਸੀ ਹੋ ਸਕਦਾ। ਉਹ ਆਪਣੇ ਪਾਪ ਨੂੰ ਬੜੀ ਸ਼ਾਨ ਨਾਲ ਦਿਖਾਉਂਦਾ ਸੀ, ਸ਼ਾਇਦ ਉਸ ਨੂੰ ਮਸੀਹੀ ਲੋਕਾਂ ਦੁਆਰਾ ਨਿੱਜੀ ਤੌਰ ਤੇ ਸਮਝਾਇਆ ਗਿਆ ਸੀ (ਮੱਤੀ 18:15-17)। ਪੰਜਵਾਂ, ਅਨੁਸ਼ਾਸਨ ਦਾ ਦੋਹਰਾ ਉਦੇਸ਼ ਬਾਹਰਲੇ ਲੋਕਾਂ ਤੋਂ ਕਲੀਸਿਆ ਦੀ ਸਾਖ ਨੂੰ ਬਚਾ ਕੇ ਰੱਖਣਾ (1 ਕੁਰਿੰਥੀਆਂ 5:1) ਅਤੇ ਪਾਪ ਤੋਂ ਪਾਪੀ ਦੀ ਜਾਨ ਨੂੰ ਬਚਾਉਣਾ ਸੀ ਜਿਸ ਦਾ ਉਹ ਸ਼ਿਕਾਰ ਹੋ ਰਿਹਾ ਸੀ (5:5)। ਅਨੁਸ਼ਾਸਨ ਦਾ ਉਦੇਸ਼ ਨਿੱਜੀ ਗੁੱਸਾ ਦਿਖਾਉਣਾ, ਬਦਲਾ ਲੈਣਾ, ਜਾਂ ਦੋਸ਼ੀ ਨੂੰ ਸਜ਼ਾ ਦੇਣਾ ਨਹੀਂ ਹੈ।

---

ਟਿੱਪਣੀਆਂ

[1]ਬੈਨ ਵਿਦਰਿੰਗਟਨ III, *ਕਾਨਫਲਿਕਟ ਐਂਡ ਕਮਿਊਨਟੀ ਇਨ ਕੋਰਿੰਥ: ਏ ਸੋਸ਼ੀਓ-ਰੀਟੋਰੀਕਲ ਕਮੈਂਟਰੀ ਆਨ* 1 *ਐਂਡ* 2 *ਕੁਰਿੰਥੀਅਨਜ਼* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 156. [2]ਫਰੈਡਰਿਕ ਹਾਊਕ ਐਂਡ ਸੀਗਫਰਾਈਡ ਸਕੁਲਜ਼, *ਥੀਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ* ਸੋਧ. ਗਰਹਾਰਡ ਕਿਟਲ, ਅਨੁਵਾਦ ਅਤੇ ਸੰਪਾਦਨ ਜੀਓਫਰੀ ਡਬਲਿਯੂ ਬਰੋਮਿਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1971), 6:587 ਵਿੱਚ “πόρνη, πόρνος, πορνεία, πορνεύω, ἐκπορνεύω”। [3]ਫਰਾਂਸਿਸ ਸ਼ੈਫਰ, *ਦ ਗੌਡ ਹੂ ਇਜ਼ ਦੇਅਰ* (ਲੰਡਨ: ਹੋਡਰ ਐਂਡ ਸਟੱਫਟਨ, 1968), 155. [4]ਅਪੂਲਿਉਸ ਟੇਲ *ਮੈਟਾਮੋਰਫੋਸਸ* (ਜਿਸ ਨੂੰ *ਦ ਗੋਲਡਨ ਐਸ* ਵਜੋਂ ਬਿਹਤਰ ਜਾਣਿਆ ਜਾਂਦਾ ਹੈ, ਲਤੀਨੀ ਭਾਸ਼ਾ ਵਿੱਚ ਇਸ ਦੀ ਸੰਪੂਰਣਤਾ ਵਿੱਚ ਇਕਲੌਤਾ ਪ੍ਰਾਚੀਨ ਰੋਮੀ ਨਾਵਲ) ਉਸ ਦਾ ਇੱਕ ਉਦਾਹਰਣ ਹੈ। ਅਪੂਲਿਉਸ ਉੱਤਰੀ ਅਫਰੀਕਾ ਦੇ ਇੱਕ ਧਨੀ ਪਰਿਵਾਰ ਵਿੱਚੋਂ ਸੀ। ਉਸ ਨੇ ਲਾਤੀਨੀ ਭਾਸ਼ਾ ਵਿੱਚ ਲਿਖਿਆ ਪਰ ਦੂਜੀ ਸਦੀ ਦੇ ਅੰਤ ਵਿੱਚ ਆਪਣੀ ਕਹਾਣੀ ਨੂੰ ਯੂਨਾਨੀ ਰੂਪ ਦਿੱਤਾ।